# ਰੇਡੀਓ ਲਵੀਵਾਰ:ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ 32 ਜਲਵਾਯੂ ਬਦਲਾਅ ਬਾਬਤ ਪ੍ਰਮੁੱਖ ਸਮਝੌਤੇ– ਜਿਉਂਦੇ ਰਹਿਣ ਦੀ ਸਹਿਮਤੀ

**(Major Climate Agreements- Agree to Live )**


**ਮੂਲ ਖੋਜ ਤੇ ਲੇਖਣ: ਡਾ. ਮਾਨਸ ਪ੍ਰੀਤਮ ਦਾਸ**

**ਪੰਜਾਬੀ ਰੁਪਾਂਤਰ ਖੋਜ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ**


(This episode will once again focus on the need for sustainable agreements among nations to stop climate change and pollution. Though the emission of greenhouse gases is sought to be contained primarily, there are other gases that are polluting the atmosphere. These gases continue to be produced citing the demand of those in the economy. This is linked to the industrial development. International norms are flouted to earn handsome profits from the production of these pollutents. However, the issue of livelihood has to be taken into account before trying to fit a tight cap on emission of gases that are harmful for the climate and human ambience. We follow Sujay and Bakul, two second year college students, as they help to expose the conflicts surrounding all these issues.)

(ਇਸ ਕੜੀ ਵਿਚ ਇੱਕ ਵਾਰ ਮੁੜ ਜਲਵਾਯੂ ਬਦਲਾਅ ਅਤੇ ਪ੍ਰਦੂਸ਼ਣ ਨੂੰ ਰੋਕਣ ਵਾਸਤੇ ਕੌਮਾਂ ਦੇ ਦਰਮਿਆਨ ਟਿਕਾਊ ਸਮਝੌਤਿਆਂ ਦੀ ਲੋੜ ਨੂੰ ਕੇਂਦ੍ਰਿਤ ਕੀਤਾ ਗਿਆ ਹੈ । ਬੇਸ਼ੱਕ ਮੁੱਖ ਤੌਰ ‘ਤੇ ਮੂਲ਼ ਰੂਪ ਵਿੱਚ ਹਰਿਤ ਘਰ ਪ੍ਰਭਾਵ ਗੈਸਾਂ ਦੇ ਉਤਸਰਜਨ ਨੂੰ ਘਟਾਉਣ ਦੀ ਲੋੜ ‘ਤੇ ਜੋਰ ਹੈ ਪਰ ਵਾਯੂਮੰਡਲ ਨੂੰ ਪ੍ਰਦੂਸ਼ਿਤ ਕਰਨ ਵਾਲੀਆਂ ਹੋਰ ਦੂਸਰੀਆਂ ਗੈਸਾਂ ਵੀ ਹਨ।ਉਨ੍ਹਾਂ ਦਾ ਉਤਸਰਜਨ ਲਗਾਤਾਰ ਹੋ ਰਿਹਾ ਹੈ ਅਤੇ ਕਾਰਨ ਦੱਸਿਆ ਜਾ ਰਿਹਾ ਹੈ ਇਨ੍ਹਾਂ ਦੀ ਅਰਥਵਿਵਸਥਾ ਦੇ ਚਲਣ ਵਿੱਚ ਹੋ ਰਹੀ ਮੰਗ ਨੂੰ ! ਇਹ ਉਦਯੋਗਿਕੀ ਵਿਕਾਸ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਪ੍ਰਦੂਸ਼ਕਾਂ ਦੇ ਉਤਪਾਦਨ ਤੋਂ ਉੱਚ ਮੁਨਾਫੇ ਕਮਾਉਣ ਦੇ ਵਾਸਤੇ ਅੰਤਰਰਾਸ਼ਟਰੀ ਨਿਯਮ-ਕਾਨੂੰਨਾਂ ਦੀਆਂ ਧੱਜੀਆਂ ਉਡਈਆਂ ਜਾਂਦੀਆਂ ਹਨ ! ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਗੈਸਾਂ ਦੇ ਉਤਸਰਜਨ, ਜਿਹੜੀਆਂ ਜਲਵਾਯੂ ਲਈ ਅਤੇ ਮਨੁੱਖਤਾ ਦੇ ਚੁਗਿਰਦੇ ਲਈ ਹਾਨੀਕਾਰਕ ਹਨ , ਉਪਰ ਸਖਤ ਰੋਕ ਲਗਾਉਣ ਦੀਆਂ ਕੋਸ਼ਿਸ਼ਾਂ ਤੋਂ ਪਹਿਲਾਂ ਗੁਜਰ-ਬਸਰ ਜਾਂ ਰੋਜੀ – ਰੋਟੀ ਨਾਲ ਸਬੰਧਤ ਮਾਮਲਿਆਂ ਨੂੰ ਧਿਆਨ ਵਿੱਚ ਰੱਖਣਾ ਜਰੂਰੀ ਹੈ ! ਅਸੀਂ ਕਾਲਜ ਵਿੱਚ ਪੜ੍ਹਦੇ ਦੂਜੇ ਸਾਲ ਦੇ ਵਿਦਿਆਰਥੀ ਸੰਜੇ ਅਤੇ ਰਾਹੁਲ ਦੀਆਂ ਗੱਲਾਂ ਸੁਣਦੇ ਹਾਂ ਜਿਹੜੇ ਕਿ ਇਨ੍ਹਾਂ ਸਾਰੇ ਮਾਮਲਿਆਂ ਨਾਲ ਜੁੜੇ ਮੁੱਦਿਆਂ ਦੇ ਦੁਆਲੇ ਦੀਆਂ ਅੰਤਰ ਵਿਰੋਧਤਾਈਆਂ ਦਾ ਪਰਦਾ ਫਾਸ਼ ਕਰਦੇ ਹਨ !

### ਪਾਤਰ

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

**ਸੰਜੇ: ਕਾਲਜ ਦਾ ਵਿਦਿਆਰਥੀ**

**ਰਾਹੁਲ: ਕਾਲਜ ਦਾ ਵਿਦਿਆਰਥੀ**

ਅੰਕਿਤ: ਕਾਲਜ ਦਾ ਵਿਦਿਆਰਥੀ

ਮੰਗੂ: ਚਾਹ ਵਾਲਾ

ਫਾਰੂਖ: ਫੈਕਟਰੀ ਮਜਦੂਰ ਅਤੇ ਮਜਦੂਰਾਂ ਦਾ ਆਗੂ

ਪ੍ਰੋਫੈਸਰ: ਕਾਲਜ ਦਾ ਪ੍ਰੋਫੈਸਰ

ਬਸ ਦਾ ਕੰਡਕਟਰ ਤੇ ਕੁੱਝ ਯਾਤਰੀ

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

**ਸੰਗੀਤ**......

**ਐਲਾਨ** : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ ਦੇ** ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਬੱਤੀਵੀਂ ਕੜੀ "ਜਲਵਾਯੂ ਬਦਲਾਅ ਬਾਬਤ ਪ੍ਰਮੁੱਖ ਸਮਝੋਤੇ-ਜਿਉਂਦੇ ਰਹਣ ਦੀ ਸਹਿਮਤੀ"** !

**(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ** : ਹਾਂ ਜੀ। ਪਿਆਰੇ ਸ੍ਰੋਤਿਓ ...ਸੁਆਗਤ ਹੈ ਤੁਹਾਡਾ ਸਭ ਦਾ ਅੱਜ ਦੇ **"ਜਲਵਾਯੂ ਬਦਲਾਅ ਦੀ ਵਿਗਿਆਨ"** ਦੇ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ **ਬੱਤੀਵੀਂ** ਕੜੀ ਵਿੱਚ।

**ਮਰਦ ਸੂਤਰਧਾਰ** : ਹਾਂ! ਇਸ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਪਿਛਲੀ ਕੜੀ, '**ਜਲਵਾਯੂ ਬਦਲਾਅ ਬਾਬਤ ਪ੍ਰਮੁੱਖ ਸਮਝੌਤੇ-ਕਿਉਟੋ ਮਰਿਆਦਾ ਦਾ ਪ੍ਰਭਾਵ**' ਵਿੱਚ ਕੀਤੀ ਸੀ ਅਸੀਂ ਚਰਚਾ ਸੰਸਾਰ ਭਰ ਵਿੱਚ ਬਦਲਦੇ ਜਲਵਾਯੂ ਨੂੰ ਠਲ੍ਹ ਪਾਉਣ ਵਾਸਤੇ ਕੀਤੇ ਗਏ ਇੱਕ ਗੰਭੀਰ ਯਤਨ ਕੋਇਟੋ ਵਿਖੇ ਪ੍ਰਵਾਣ ਹੋਏ ਮਰਿਆਦਾ ਮਸੌਦੇ ਦੀ !

**ਔਰਤ ਸੂਤਰਧਾਰ** : ਹਾਂ ਜੀ! ਹੋਈ ਸੀ ਚਰਚਾ ਕਿ ਹਰਿਤ ਘਰ ਪ੍ਰਭਾਵ ਗੈਸਾਂ ਦਾ ਉਤਸਰਜਨ ਘਟਾਉਣ ਵਾਸਤੇ ਜਾਪਾਨ ਦੇ ਸ਼ਹਿਰ ਕੋਇਟੋ ਵਿਖੇ 1997 ਵਿੱਚ ਕੀਤੇ ਗਏ ਤੀਜੇ ਸੰਮੇਲਨ ਦੌਰਾਨ ਪਾਸ ਹੋਏ ਇਸ ਮਰਿਆਦਾ ਸਮਝੌਤੇ ਨੂੰ ਨਾਮ ਦਿੱਤਾ ਗਿਆ ਸੀ ਕੋਇਟੋ ਮਰਿਆਦਾ ਸਮਝੌਤਾ !

**ਮਰਦ ਸੂਤਰਧਾਰ**: ਗੱਲ ਤਾਂ ਇਹ ਵੀ ਹੋਈ ਸੀ ਕਿ ਜਲਵਾਯੂ ਬਦਲਾਅ ਬਾਬਤ, ਸੰਸਾਰ ਭਰ ਦੇ ਦੇਸਾਂ ਦੇ ਇਸ ਤੀਜੇ ਸੰਮੇਲਨ ਵਿੱਚ ਪੇਸ਼ ਹੋਇਆ ਤੇ ਪ੍ਰਵਾਣ ਕੀਤਾ ਗਿਆ ਇਹ ਮਰਿਆਦਾ ਸਮਝੌਤਾ ਹਰਿਤ ਘਰ ਪ੍ਰਭਾਵ ਗੈਸਾਂ ਦੇ ਉਤਸਰਜਨ ਨੂੰ ਰੋਕਣ ਵਾਸਤੇ ਇੱਕ ਮੀਲ ਪੱਥਰ ਸੀ !

**ਔਰਤ ਸੂਤਰਧਾਰ** : ਸੁਣਿਆ ਸੀ ਅਸੀਂ ਕਿੱਸਾ ਕਿ ਕਿਵੇਂ ਕੋਇਟੋ ਵਿਖੇ ਇੱਕ ਸੁੰਦਰ ਝੀਲ ਦੇ ਕਿਨਾਰੇ ਸਥਿਤ ਇਸ ਸੰਮੇਲਨ ਹਾਲ ਦਾ ਨਾਮ ਹੀ ਅੰਤਰਰਾਸਟਰੀ ਸੰਮੇਲਨ ਕੇਂਦਰ ਰੱਖ ਦਿੱਤਾ ਗਿਆ !

**ਮਰਦ ਸੂਤਰਧਾਰ** : ਸੁਣਾਈ ਸੀ ਕਹਾਣੀ ਕਿ ਇਹ ਮਰਿਆਦਾ ਮਤਾ ਯੂ ਐਨ ਓ ਦੇ ਜਲਵਾਯੂ ਬਦਲਾਅ ਬਾਬਤ ਬਣੇ ਚੌਖਟੇ ਦੇ ਦਾਇਰੇ ਵਿੱਚ ਹੈ ਜਿਸ ਅਨੁਸਾਰ ਸਾਰੇ ਸ਼ਾਮਲ ਦੇਸਾਂ ਨੂੰ ਪਾਰਟੀਆਂ ਕਿਹਾ ਜਾਂਦਾ ਹੈ ।

**ਔਰਤ ਸੂਤਰਧਾਰ :** ਹੋਈ ਸੀ ਗੱਲ ਕਿ ਇਹ ਚੌਖਟਾ ਤਾਂ ਉਹੀ ਹੈ ਜਿਹੜਾ ਮਾਰਚ 1994 ਵਿੱਚ ਬ੍ਰਾਜ਼ੀਲ ਦੇ ਸ਼ਹਿਰ ਰਿਓ ਡੀ ਜਨੈਰੋ ਵਿਖੇ ਹੋਏ ਧਰਤ ਸਿਖਰ ਸੰਮੇਲਨ ਦੌਰਾਨ ਤਹਿ ਕੀਤਾ ਗਿਆ ਸੀ ।

**ਮਰਦ ਸੂਤਰਧਾਰ :** ਹੋਈ ਸੀ ਚਰਚਾ ਕਿ ਸ਼ਾਮਲ ਦੇਸਾਂ ਨੂੰ ਕਿਹਾ ਗਿਆ ਸੀ ਕਿ ਉਹ ਕਾਰਬਨਡਾਈਅਕਸਾਈਡ ਤੇ ਹੋਰ ਹਰਿਤ ਘਰ ਗੈਸਾਂ ਦੇ ਉਤਸਰਜਨ ਦੀ ਮਾਤਰਾ ਦਾ ਲੇਖਾ ਜੋਖਾ ਕਰਕੇ ਫਰਦ ਤਿਆਰ ਕਰਨ !

**ਔਰਤ ਸੂਤਰਧਾਰ :** ਸੁਣਾਈ ਸੀ ਕਹਾਣੀ ਕਿ ਕਿਵੇਂ ਇਸ ਸੂਚੀ ਵਿੱਚ ਸੱਭ ਤੋਂ ਪਹਿਲੇ ਜਿਆਦਾ ਉਤਸਰਜਨ ਵਾਲੇ ਮੁਲਕ ਹਨ ਅਮਰੀਕਾ, ਇੰਗਲੈਂਡ, ਆਸਟ੍ਰੇਲੀਆ, ਯੂਰਪੀ ਸੰਘ!

**ਮਰਦ ਸੂਤਰਧਾਰ:** ਪਰ ਇਹ ਵੀ ਤਾਂ ਸੁਣਾਈ ਸੀ ਦਿਲਚਸਪ ਕਹਾਣੀ ਕਿ ਸਾਈਪਰਸ, ਈਸਟੋਨੀਆਂ ਤੇ ਬਾਇਲਾਰੂਸ ਵਰਗੇ ਮੁਲਕ ਵੀ ਇਸੇ ਸੂਚੀ ਵਿੱਚ ਸ਼ਾਮਲ ਹਨ !

**ਔਰਤ ਸੂਤਰਧਾਰ :** ਸੁਣ ਲਈ ਸੀ ਤੁਸੀਂ ਕਹਾਣੀ ਕਿ ਕਿਵੇਂ ਅਮਰੀਕਾ ਤੇ ਕਨੇਡਾ ਨੇ ਇਸ ਮਰਿਆਦਾ ਸਮਝੌਤੇ ‘ਤੇ ਸਹੀ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਉੱਥੋਂ ਦੀ ਜਨਤਾ ਨੇ ਵੀ ਆਪਣੀਆਂ ਸਰਕਾਰਾਂ ਨੂੰ ਸਹੀ ਪਾਉਣ ਲਈ ਮਜਬੂਰ ਕਰਨ ਵਾਸਤੇ ਕੋਈ ਰੋਸ ਵਿਖਾਵੇ ਨਹੀਂ ਸਨ ਕੀਤੇ!

**ਮਰਦ ਸੂਤਰਧਾਰ:** ਹੋਈ ਸੀ ਗੱਲ ਕਿ ਕੋਇਟੋ ਪ੍ਰੋਟੋਕਾਲ ਦਾ ਵਾਇਦਾ ਕਾਲ 2008 ਤੋਂ 2012 ਤੱਕ ਦੇ ਵਾਇਦਿਆਂ ਦੀ ਪੂਰਤੀ ਅਮਰੀਕਾ ਦੇ ਸਿਵਾਏ ਸਾਰੇ ਦੇਸਾਂ ਨੇ ਕਰ ਦਿੱਤੀ ਹੈ ।

**ਔਰਤ ਸੂਤਰਧਾਰ :** ਹਾਂ ਜੀ ਹੋਈ ਸੀ ਚਰਚਾ ਕਿ ਦੂਜਾ ਵਾਇਦਾ ਕਾਲ 2013 ਤੋਂ 2020 ਤੱਕ ਦਾ ਹੈ ।

**ਮਰਦ ਸੂਤਰਧਾਰ :** ਸੁਣ ਲਿਆ ਸੀ ਇਹ ਤੱਥ ਵੀ ਕਿ ਪਹਿਲੀ ਸੂਚੀ ਦੇ 37 ਮੁਲਕਾਂ ਅਤੇ ਯੂਰਪੀ ਸੰਘ ਨੇ ਦੂਜੇ ਵਾਇਦਾ ਕਾਲ ਦੇ ਟੀਚਿਆਂ ਦੀ ਪੂਰਤੀ ਵਾਸਤੇ ਸਹਿਮਤੀ ਦੇ ਦਿੱਤੀ ਸੀ ।

**ਔਰਤ ਸੂਤਰਧਾਰ :** ਚਰਚਾ ਕੀਤੀ ਸੀ ਕਿ ਟੀਚੇ ਸਨ ਹਰਿਤ ਘਰ ਗੈਸਾਂ ਦੇ ਉਤਸਰਜਨ ਦੇ 1990 ਵਾਲੇ ਪੱਧਰ ਤੋਂ 5% ਘੱਟ ਉਤਸਰਜਨ ਕਰਨਾ !

**ਮਰਦ ਸੂਤਰਧਾਰ :** ਦੋਸਤੋ ਰੇਡੀਓ ਲੜੀਵਾਰ ਦੀ ਇਸ ਕੜੀ ਵਿੱਚ ਅੱਜ ਅਸੀਂ ਬਿਆਨ ਕਰਾਂਗੇ ਕਹਾਣੀ ਉਨ੍ਹਾਂ ਹੋਰ ਸਮਝੋਤਿਆਂ ਦੀ ਕੀਤੇ ਗਏ ਹਨ ਜੋ ਜਲਵਾਯੂ ਬਦਲਾਅ ਦੀ ਤੇਜ ਰਫਤਾਰ ਨੂੰ ਠੱਲ੍ਹ ਪਾਉਣ ਦੇ ਲਈ ਤਾਂ ਜੋ ਰਹਿ ਸਕੀਏ ਅਸੀਂ ਜਿਉਂਦੇ ! !

**ਔਰਤ ਸੂਤਰਾਧਾਰ :** ਲਓ ਸੁਣੋ ਇਸ ਨਵੇਂ ਲੜੀਵਾਰ **‘ਕਿਉਂ ਬਦਲ ਰਹੀ ਹੈਂ ਫਿਜ਼ਾਏਂ’** ਦੀ ਬੱਤੀਵੀਂ ਕੜੀ **“ਜਲਵਾਯੂ ਬਦਲਾਅ ਬਾਬਤ ਪ੍ਰਮੁੱਖ ਸਮਝੌਤੇ- ਜਿਉਂਦੇ ਰਹਿਣ ਦੀ ਸਹਿਮਤੀ ”** ਲਓ! ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

......**ਲੜੀਵਾਰ ਦੀ ਧੁਨ**......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪਹਿਲਾ**......

**(ਦ੍ਰਿਸ਼ ਬਦਲਾਅ ਸੰਗੀਤ ..........................ਮੱਧਮ ਪੈਂਦਾ ਹੈ)**

**(ਗੱਡੀਆਂ ਦਾ ਸ਼ੋਰ, ਬੱਸ ਸੜਕ ‘ਤੇ ਚੱਲ ਰਹੀ ਹੈ। ਭੀੜ-ਭਾੜ ਵਾਲੇ ਬਜ਼ਾਰ ਦਾ ਦ੍ਰਿਸ਼। ਸੜਕ ਵਾਹਨ ਬੱਸ ਸੇਵਾ ਦੀ ਇਕ ਬੱਸ ਜ਼ੋਰਦਾਰ ਬ੍ਰੇਕ ਦੇ ਨਾਲ ਅਚਾਨਕ ਰੁਕਦੀ ਹੈ। ਯਾਤਰੀਆਂ ਦੇ ਸ਼ੋਰ ਅਤੇ ਚੀਕਣ ਦੀ ਅਵਾਜ਼...)**

**ਯਾਤਰੀ** 1:  ਇਹ ਕੀ ਹੋ ਰਿਹਾ ਹੈ ? ਬੱਸ ਨੂੰ ਦੂਸਰੇ ਰਸਤੇ 'ਤੇ ਕਿਉਂ ਮੋੜ ਰਹੇ ਹੋ? ਮੈਂ  ਹਸਪਤਾਲ ਕਿਵੇਂ ਪਹੁੰਚਾਂਗੀ ?

**ਯਾਤਰੀ** 2:ਇਹ ਸਭ ਕੀ ਹੈ? ਸਕੂਲ ਦੀ ਛੁੱਟੀ ਹੋਣ ਵਾਲੀ ਹੈ ਅਤੇ ਮੈਂ ਆਪਣੀ ਧੀ ਨੂੰ ਸਕੂਲ ਤੋਂ ਘਰ ਲਿਆਉਣਾ ਹੈ। ਤੁਸੀਂ ਇਸ ਪ੍ਰਕਾਰ ਬੱਸ ਦਾ ਰੂਟ ਕਿਵੇਂ ਬਦਲ ਸਕਦੇ ਹੋ ?

**ਯਾਤਰੀ** 3: ਡਰਾਇਵਰ! ਕੀ ਤੁਹਾਨੂੰ ਸਮਝ ਨਹੀਂ? ਪਹਿਲਾਂ ਦੱਸ ਦਿੰਦੇ ! ਸਾਨੂੰ ਦਫ਼ਤਰ 'ਚ ਦੇਰੀ ਹੋ ਜਾਵੇਗੀ। ਕਿਸੇ ਨੂੰ ਕੋਈ ਧਿਆਨ ਹੀ ਨਹੀਂ।

**## ( ਯਾਤਰੀਆਂ ਦੀਆਂ ਅਵਾਜ਼ਾਂ/ ਰੌਲਾ – ਰੱਪਾ/ ਸਾਡੀਆਂ ਟਿਕਟਾਂ ਦੇ ਪੈਸੇ ਵਾਪਿਸ ਕਰੋ। ਤੁਸੀਂ ਆਪਣੀ ਮਨ ਆਈ 'ਤੇ ਬੱਸ ਥੋੜ੍ਹੀ ਰੋਕ ਸਕਦੇ ਹੋ। ਕੰਡਕਟਰ ਸਾਰਿਆਂ ਨੂੰ ਚੁੱਪ ਹੋਣ ਦੇ ਲਈ ਕਹਿੰਦਾ ਹੈ) ##**

**ਕੰਡਕਟਰ**: ਤਸੀਂ ਤਾਂ ਮੇਰੇ 'ਤੇ ਬਿਨਾਂ ਕਾਰਨ ਹੀ ਦੋਸ਼ ਮੜ੍ਹ ਰਹੇ ਹੋ। ਸਾਹਮਣੇ ਵੇਖੋ...!  ਤੁਸੀਂ ਖੁਦ ਹੀ ਸਮਝ ਜਾਉਗੇ, ਇਹ ਸਭ ਮਾਜਰਾ ਕੀ ਹੈ ?

**ਯਾਤਰੀ** 1: ਕੀ ਹੋਇਆ? ਬਹਾਨਾ ਨਾ ਬਣਾ।

**ਕੰਡਕਟਰ**: ਮੈਂ ਝੂਠ ਨਹੀਂ ਬੋਲਿਆ। ਖਿੜਕੀ ਤੋਂ ਬਾਹਰ ਵੇਖੋ, ਸਭ ਸਮਝ ਆ ਜਾਵੇਗਾ।

**ਯਾਤਰੀ** 2: ਮੈਨੂੰ ਤਾਂ ਕੁਝ ਦਿਖਾਈ ਨਹੀਂ ਦੇ ਰਿਹਾ। ਅੱਛਾ-ਅੱਛਾ! ਉਸ ਪਾਸੇ। ਕੁਝ ਗੜਬੜ ਲੱਗ ਰਹੀ ਹੈ।

**ਯਾਤਰੀ** 3: ਕਿੱਥੇ? ਮੈਨੂੰ ਵੀ ਵੇਖਣ ਦਿਉ। ਕੁਝ ਤਾਂ ਗੜਬੜ ਹੈ ਜਿਹੜੀ ਐਨੀ ਭੀੜ ਹੈ। ਪੁਲਿਸ ਲੋਕਾਂ ਨੂੰ ਹਟਾਕੇ ਇਸ ਨੂੰ ਚਾਰੇ ਪਾਸੋਂ ਘੇਰ ਰਹੀ ਹੈ। ਕੰਡਕਟਰ ਕੁਝ ਪਤਾ ਲੱਗਿਆ, ਕੀ ਹੋਇਆ?

**ਕੰਡਕਟਰ**: ਹੁਣ ਮੇਰੇ ਕੋਲੋਂ ਪੁੱਛ ਰਹੇ ਹੋ! ਪਤਾ ਲੱਗਿਆ ਹੈ, ਨੇੜੇ ਹੀ ਕਿਸੇ ਫੈਕਟਰੀ 'ਚ ਗੈਸ ਦਾ ਰਿਸਾਵ ਹੋਇਆ ਹੈ। ਹੁਣੇ-ਹੁਣੇ ਮੇਰੇ ਫ਼ੋਨ 'ਤੇ ਕਿਸੇ ਨੇ ਸੂਚਨਾ ਦਿੱਤੀ ਹੈ।

**ਯਾਤਰੀ**: ਕਿਸ ਤੋਂ ਸੂਚਨਾ ਮਿਲੀ ਹੈ?

**ਕੰਡਕਟਰ**: ਉੱਥੇ ਵੇਖੋ! ਮੈਂ ਉਸ ਮਿਠਾਈ ਦੀ ਦੁਕਾਨ ਦੇ ਮਾਲਿਕ ਨੂੰ ਜਾਣਦਾ ਹਾਂ। ਉਸ ਨੂੰ ਪਤਾ, ਸਾਡੀ ਬੱਸ ਰੋਜ਼ਾਨਾ ਇਸੇ ਸਮੇਂ ਇੱਥੋਂ ਅੱਗੇ ਜਾਂਦੀ ਹੈ।

**# ਰੌਲਾ ਰੱਪਾ ਖਤਮ ਹੋ ਕੇ ਯਾਤਰੀਆਂ ਵਿਚ ਘੁਸਰ-ਮੁਸਰ – ਸਾਰੇ ਸ਼ਾਂਤ #**

**ਰਾਹੁਲ**:  ਕੁਝ ਪਤਾ ਲੱਗਿਆ ਕਿਹੜੀ ਗੈਸ ਹੈ? ਤੁਸੀਂ ਤਾਂ ਰਸਾਇਣ ਸ਼ਾਸਤਰ ਦੇ ਵਿਦਿਆਰਥੀ ਹੋ, ਆਖਿਰ ਕੁਝ ਤਾਂ ਧਿਆਨ 'ਚ ਆਇਆ ਹੋਵੇਗਾ?

**ਸੰਜੇ**: ਤਿੱਖੀ ਗੰਧ ਇੱਥੇ ਤੱਕ ਆ ਰਹੀ ਹੈ।

**ਰਾਹੁਲ**: ਹਾਂ ਦੋਸਤ, ਇਹ ਅਮੋਨੀਆ ਗੈਸ ਹੈ।

**ਸੰਜੇ:** ਇਸ ਤੋਂ ਲੱਗਦਾ ਹੈ ਕਿ ਕਿਸੇ ਫੈਕਟਰੀ 'ਚ ਅਮੋਨੀਆ ਗੈਸ ਦਾ ਰਿਸਾਵ ਹੋਇਆ ਹੈ। ਜੇਕਰ ਛੇਤੀ ਹੀ ਇਸ ਨੂੰ ਹੋਰ ਜ਼ਿਆਦਾ ਫੈਲਣ ਤੋਂ ਰੋਕ ਨਹੀਂ ਲਿਆ ਗਿਆ ਤਾਂ ਇਹ ਖ਼ਤਰਨਾਕ ਹੋ ਸਕਦੀ ਹੈ।

**ਰਾਹੁਲ:** ਹਾਂ, ਇਹ ਕਿਸੇ ਵੱਡੀ ਦੁਰਘਟਨਾ ਦਾ ਰੂਪ ਲੈ ਸਕਦੀ ਹੈ। ਸ਼ੁਰੂ 'ਚ ਅੱਖਾਂ ਵਿਚ ਜਲਣ ਤੇ ਉਸਤੋਂ ਬਾਅਦ ਗਲੇ ਅਤੇ ਨੱਕ ਵਿਚ ਦਰਦ ਸ਼ੁਰੂ ਹੋ ਜਾਂਦਾ ਹੈ। ਲਗਾਤਾਰ ਰਿਸਦੇ ਰਹਿਣ 'ਤੇ ਬਹੁਤ ਵੱਡੀ ਦੁਰਘਟਨਾ ਹੋ ਸਕਦੀ ਹੈ। ਲੋਕਾਂ ਨੂੰ ਹਸਪਤਾਲ ਲੈ ਕੇ ਜਾਣਾ ਪੈ ਸਕਦਾ ਹੈ।

**ਸੰਜੇ:** ਤੁਸੀਂ ਤਾਂ ਦਹਿਸ਼ਤ ਫੈਲਾ ਰਹੇ ਹੋ। ਇਹ ਕੋਈ ਵੱਡੀ ਗੱਲ ਨਹੀਂ ਹੈ। ਜਲਦੀ ਹੀ ਗੈਸ ਦੇ ਰਿਸਾਵ ਨੂੰ ਬੰਦ ਕਰ ਦਿੱਤਾ ਜਾਵੇਗਾ ਅਤੇ ਸਥਿਤੀ ਨਿਯੰਤਰਣ (ਕੰਟਰੋਲ) ਵਿਚ ਆ ਜਾਵੇਗੀ।

**ਰਾਹੁਲ:** ਆਸ਼ਾਵਾਦੀ ਹੋਣਾ ਠੀਕ ਹੈ ਪਰ ਹਮੇਸ਼ਾ ਇਹ ਸਫ਼ਲ ਰਹੇ, ਇਹ ਵੀ ਜ਼ਰੂਰੀ ਨਹੀਂ ਹੈ।

**ਸੰਜੇ:** ਮੈਂ ਸਮਝਿਆ ਨਹੀਂ, ਤੁਸੀਂ ਕੀ ਆਖਣਾ ਚਾਹੁੰਦੇ ਹੋ?

**ਰਾਹੁਲ:** ਮੇਰਾ ਮਤਲਬ ਹੈ ਕਿ ਲੋਕਾਂ ਦੀ ਯਾਦਾਸ਼ਤ ਬਹੁਤ ਥੋੜ੍ਹੀ ਹੁੰਦੀ ਹੈ। ਪਿਛਲੇ ਸਾਲ ਇਸੇ ਪ੍ਰਕਾਰ ਦੀ ਘਟਨਾ ਹੋਈ ਸੀ, ਕੀ ਤੁਸੀਂ ਜਾਣਦੇ ਹੋ ਕਿ 6 ਘੰਟਿਆਂ ਤੱਕ ਉਸ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ ਸੀ।

**ਸੰਜੇ:** ਯਾਦ ਆਇਆ। ਉਹ ਥਾਂ ਇੱਥੋਂ ਇਕ ਕਿਲੋਮੀਟਰ ਹੈ। ਦੂਜੇ ਦਿਨ ਸਾਰੇ ਅਖ਼ਬਾਰ ਉਸ ਘਟਨਾ ਨਾਲ ਭਰੇ ਪਏ ਸੀ।

**ਰਾਹੁਲ:** ਹੁਣ ਦੱਸੋ, ਅਸੀਂ ਉਸ ਘਟਨਾ ਤੋਂ ਕੀ ਸਿੱਖਿਆ? ਕਿਉਂ ਨਹੀਂ ਉਦਯੋਗਾਂ ਨੂੰ ਰਿਹਾਇਸ਼ੀ ਖੇਤਰਾਂ ਤੋਂ ਹਟਾਕੇ, ਦੂਰ ਲੈ ਜਾਇਆ ਜਾਂਦਾ ਜਾਂ ਫਿਰ ਇਨ੍ਹਾਂ ਨੂੰ ਬੰਦ ਕੀਤਾ ਜਾਂਦਾ।

**ਕੰਡਕਟਰ:** ਵੀਰ, ਬਹੁਤ ਸਾਰੇ ਗ਼ਰੀਬਾਂ ਦੀ ਰੋਜ਼ੀ-ਰੋਟੀ ਇਨ੍ਹਾਂ ਤੋਂ ਚੱਲਦੀ ਹੈ। ਤੁਸੀਂ ਇਨ੍ਹਾਂ ਦੇ ਬੰਦ ਹੋਣ ਦੀ ਗੱਲ ਕਿਵੇਂ ਕਰ ਸਕਦੇ ਹੋ। ਲੋਕਾਂ ਦੇ ਬੱਚੇ ਭੁੱਖੇ ਮਰ ਜਾਣਗੇ।

**ਸੰਜੇ:** ਰਾਹੁਲ! ਚੰਗਾ ਹੋਵੇਗਾ ਕਿ ਅਸੀਂ ਇੱਥੇ ਹੀ ਉਤਰ ਜਾਈਏ ! ਕੋਈ ਰਿਕਸ਼ਾ ਵਗੈਰਾ ਪਕੜ ਕੇ ਕਾਲਜ ਚੱਲੀਏ।

**ਰਾਹੁਲ:** ਠੀਕ ਹੈ। ਚੱਲੋ ਚੱਲੀਏ !

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਦੂਜਾ**……

**(ਦ੍ਰਿਸ਼ ਬਦਲਾਅ ਸੰਗੀਤ ……………………….ਮੱਧਮ ਪੈਂਦਾ ਹੈ)**

**# (ਦੋਵੇਂ ਬੱਸ ਤੋਂ ਉਤਰ ਕੇ, ਕਾਲਜ ਦੇ ਵੱਲ ਚੱਲ ਪੈਂਦੇ ਹਨ), ਧੁਨੀ ਪ੍ਰਭਾਵ (ਕਾਲਜ ਦੇ ਮੁੱਖ ਦਰਵਾਜ਼ੇ 'ਤੇ ਸ਼ੋਰ... ਦੋਵੇਂ ਕਾਰਨ ਜਾਣਨ ਦਾ ਯਤਨ ਕਰਦੇ ਹਨ) #**

**ਰਾਹੁਲ:** ਲੱਗਦਾ ਹੈ, ਇੱਥੇ ਵੀ ਕੁਝ ਗੜਬੜ ਹੈ। ਜਿਨ੍ਹਾਂ ਨੂੰ ਇੱਥੇ ਨਹੀਂ ਹੋਣਾ ਚਾਹੀਦਾ ਸੀ, ਉਹ ਵਿਦਿਆਰਥੀ ਵੀ ਦਿਸ ਰਹੇ ਹਨ। ਹੜਤਾਲ ਅਤੇ ਉਹ ਵੀ ਚਾਣਚੱਕ !

**ਸੰਜੇ:** ਮੈਨੂੰ ਪਤਾ ਕਰਨ ਦਿਉ। ਵੇਖੋ! ਅੰਕਿਤ ਔਹ ਗੇਟ ਦੇ ਨੇੜੇ ਖੜ੍ਹਾ ਹੈ।ਗੁੱਸੇ ਵਿਚ ਹੈ। ਕੋਈ ਗੜਬੜ ਜ਼ਰੂਰ ਹੈ।

**# (ਅੰਕਿਤ ਭੱਜਦਾ ਹੋਇਆ ਆਉਂਦਾ ਹੈ। ਉਹ ਹੱਫ ਰਿਹਾ ਹੈ) #**

**ਸੰਜੇ:** ਕੀ ਹੋਇਆ? ਸਾਰੇ ਗੇਟ 'ਤੇ ਕਿਉਂ ਨੇ ? ਕਲਾਸਾਂ ਨਹੀਂ ਲੱਗ ਰਹੀਆਂ ?

**ਅੰਕਿਤ:** ਬਹੁਤ ਵੱਡਾ ਘੋਟਾਲਾ...A big Scandal.

**ਰਾਹੁਲ:** ਕਿਹੜਾ ਘੋਟਾਲਾ?

**ਅੰਕਿਤ:** ਰਸਾਇਣ ਸ਼ਾਸਤਰ ਦੇ ਪਹਿਲੇ ਸਾਲ ਦੇ ਪ੍ਰਸ਼ਨ-ਪੱਤਰ ਲੀਕ ਹੋ ਗਏ !

**ਰਾਹੁਲ:** ਤੁਹਾਨੂੰ ਕਿਵੇਂ ਪਤਾ?

**ਅੰਕਿਤ:** ਅੱਜ ਸਵੇਰੇ ਸੁਨੀਲ ਕੋਲ ਇਕ ਫੋਨ ਆਇਆ ਸੀ।ਫੋਨ ਕਰਨ ਵਾਲਾ 2,000 'ਚ ਪੂਰੇ ਦਾ ਪੂਰਾ ਪ੍ਰਸ਼ਨ-ਪੱਤਰ ਦੱਸਣ ਦੀ ਪੇਸ਼ਕਸ ਕਰ ਰਿਹਾ ਸੀ ।

**ਸੰਜੇ:** ਐਨੇ ਸਸਤੇ 'ਚ?

**ਰਾਹੁਲ:** ਚਲ ਛੱਡ ਸਸਤਾ ਮਹਿੰਗਾ ! ਅੱਗੇ ਕੀ ਹੋਇਆ ?

**ਅੰਕਿਤ:** ਸੁਨੀਲ ਨੇ ਫੋਨ ਕਰਨ ਵਾਲੇ ਨੂੰ ਜੁਬਲੀ ਹਾਲ ਦੇ ਨੇੜੇ ਮਿਲਣ ਲਈ ਬੁਲਾ ਲਿਆ, ਪੈਸੇ ਦਿੱਤੇ ਅਤੇ ਸਟਿੰਗ ਆਪ੍ਰੇਸ਼ਨ ਕਰ ਲਿਆ! ਸਾਰੀ ਗੱਲਬਾਤ ਆਪਣੇ ਮੋਬਾਇਲ ਫੋਨ ਵਿੱਚ ਰਿਕਾਰਡਿੰਗ ਕਰ ਲਈ !

**ਰਾਹੁਲ:** ਪਤਾ ਲੱਗਿਆ ਇਸ ਘਟਨਾ ਦੇ ਪਿੱਛੇ ਕੌਣ ਹੈ?

**ਅੰਕਿਤ:** ਲੱਗਦਾ ਹੈ ਕੰਪਿਊਟਰ ਸੈੱਲ 'ਚ ਕੋਈ ਹੈ? ਉਸ ਨੂੰ ਫੜਨ ਦੇ ਲਈ ਯਤਨ ਜਾਰੀ ਹਨ।

**ਸੰਜੇ:** ਅੱਜ ਦਾ ਦਿਨ ਵੀ ਬਹੁਤ ਵਿਚਿੱਤਰ ਦਿਨ ਨਿਕਲਿਆ। ਪਹਿਲਾਂ ਅਮੋਨੀਆ ਗੈਸ ਦਾ ਰਿਸਾਵ ਅਤੇ ਉਸ ਤੋਂ ਬਾਅਦ ਪ੍ਰਸ਼ਨ-ਪੱਤਰ ਦਾ ਲੀਕ ਹੋਣਾ।

**ਰਾਹੁਲ:** ਹੁਣ ਕੀ ਕਰਨਾ ਹੈ ਸੰਜੇ? ਘਰ ਚੱਲੀਏ ਜਾਂ ਕੋਈ ਹੋਰ ਕੰਮ ਹੈ !

**ਸੰਜੇ:** ਪਹਿਲਾਂ ਇਕ ਕੱਪ ਚਾਹ। ਦਿਮਾਗ਼ ਫਰੈਸ਼ ਹੋਣ ਤੋਂ ਬਾਅਦ ਕੁਝ ਸੋਚਦੇ ਹਾਂ..

**ਰਾਹੁਲ:** ਸਾਡਾ ਮੰਗੂ ਬਾਈ ਜ਼ਿੰਦਾਬਾਦ!

**ਸੰਜੇ:** (ਹੱਸਦੇ ਹੋਏ) ਸਹੀ ਫ਼ਰਮਾਇਆ!

......**ਦ੍ਰਿਸ਼ ਬਦਲਾਅ ਸੰਗੀਤ**......

......ਦ੍ਰਿਸ਼ ਤੀਜਾ......

**(ਦ੍ਰਿਸ਼ ਬਦਲਾਅ ਸੰਗੀਤ ...........................ਮੱਧਮ ਪੈਂਦਾ ਹੈ)**

**# (ਦੋਵੇਂ ਸੜਕ ਦੇ ਕਿਨਾਰੇ ਚੱਲਦੇ ਹੋਏ ਮੰਗੂ ਬਾਈ ਦੇ ਸਟਾਲ 'ਤੇ ਪਹੁੰਚਦੇ ਹਨ) #**

**(ਧੁਨੀ ਪ੍ਰਭਾਵ)**

**ਸੰਜੇ:** ਮੰਗੂ ਬਾਈ ਕਿਵੇਂ ਹੋ? ਦੋ ਚਾਹ, ਲੈਮਨ ਵਾਲੀ !

**ਮੰਗੂ:** ਬੈਠੋ। ਅੱਜ ਇਕੱਲਾ ਹਾਂ, ਥੋੜ੍ਹਾ ਸਮਾਂ ਲੱਗੇਗਾ।

**ਰਾਹੁਲ:** ਅੱਜ ਛੋਟੂ ਨਜ਼ਰ ਨਹੀਂ ਆ ਰਿਹਾ। ਕਿੱਥੇ ਗਿਆ?

**ਮੰਗੂ:** ਛੋਟੂ ਹੁਣੇ-ਹੁਣੇ ਗਿਆ ਹੈ। ਆਪਣੇ ਪਿਤਾ ਨੂੰ ਵੇਖਣ।

**ਸੰਜੇ:** ਪਿਤਾ ਨੂੰ ਵੇਖਣ। ਕੀ ਹੋਇਆ?

**ਮੰਗੂ:** ਨਾਜ਼ਰ ਬਾਜ਼ਾਰ 'ਚ ਇੱਕ ਫੈਕਟਰੀ ਵਿਚ ਗੈਸ ਦਾ ਰਿਸਾਵ ਹੋਇਆ ਹੈ। ਛੋਟੂ ਦਾ ਪਾਪਾ ਉੱਥੇ ਮਜ਼ਦੂਰੀ ਕਰਦਾ ਸੀ ਅਤੇ ਫੈਕਟਰੀ ਵਿਚ ਹੀ ਰਹਿੰਦਾ ਸੀ। ਥੋੜ੍ਹਾ ਸਮੇਂ ਪਹਿਲਾਂ ਇਕ ਫੋਨ ਆਇਆ ਸੀ ਕਿ ਛੋਟੂ ਦੇ ਪਾਪਾ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ।

**ਸੰਜੇ:** ਹਾਏ! ਸਾਡੀ ਬੱਸ ਨੂੰ ਵੀ ਤਾਂ ਇਸੇ ਦੁਰਘਟਨਾ ਦੇ ਕਾਰਨ ਰੋਕਿਆ ਗਿਆ ਸੀ।

**ਰਾਹੁਲ:** ਹਾਂ! ਲੱਗਦਾ ਹੈ, ਛੋਟੂ ਦਾ ਪਾਪਾ, ਗੈਸ ਭੰਡਾਰ ਦੇ ਨੇੜੇ ਰਹਿੰਦਾ ਹੋਵੇਗਾ ਜਿਸ ਕਰਕੇ ਉਸ 'ਤੇ ਇਸ ਦਾ ਅਸਰ ਜ਼ਿਆਦਾ ਪਿਆ ਹੋਵੇਗਾ।

**ਸੰਜੇ:** ਕੀ ਫੋਨ ਕਰਨ ਵਾਲੇ ਨੇ ਹੋਰ ਕੁਝ ਦੱਸਿਆ ਸੀ?

**ਰਾਹੁਲ:** ਕੁਝ ਨਹੀਂ ਦੱਸਿਆ ਹੋਣਾ ! ਸਾਰੇ ਹਫੜਾਦਫੜੀ ਵਿਚ ਹੋਣਗੇ। ਕਿਸੇ ਇੱਕ ਜਣੇ ਨੂੰ ਪ੍ਰਭਾਵਿਤ ਲੋਕਾਂ ਦੇ ਘਰ ਸੂਚਨਾ ਦੇਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੋਵੇਗੀ।

**ਸੰਜੇ:** ਲੱਗਦਾ ਹੈ ਕਿ ਇਕ ਵੱਡੀ ਦੁਰਘਟਨਾ ਘਟੀ ਹੈ।

**ਰਾਹੁਲ:** ਮੈਂ ਵਾਰ-ਵਾਰ ਕਹਿੰਦਾ ਹਾਂ ਕਿ ਇਸ ਪ੍ਰਕਾਰ ਦੀਆਂ ਫੈਕਟਰੀਆਂ ਨੂੰ ਬੰਦ ਕਰਵਾ ਦੇਣਾ ਚਾਹੀਦਾ ਹੈ। ਲੋਕ ਆਪਣੀ ਜਾਨ ਨੂੰ ਜੋਖ਼ਿਮ ਵਿਚ ਪਾ ਕੇ ਰੋਜ਼ੀ-ਰੋਟੀ ਕਮਾਉਣ ਦੇ ਲਈ ਆਉਂਦੇ ਹਨ।

**(ਇਕ ਅਧੇੜ ਉਮਰ ਦਾ ਵਿਅਕਤੀ, ਉਨ੍ਹਾਂ ਦੀ ਚਰਚਾ 'ਚ ਸ਼ਾਮਿਲ ਹੁੰਦਾ ਹੈ)**

**ਫਾਰੂਖ:** ਯੂਰੀਆ ਦੇ ਕਾਰਖ਼ਾਨਿਆਂ ਵਿਚ ਅਮੋਨੀਆ ਗੈਸ ਦੀ ਮੰਗ ਬਹੁਤ ਵਧ ਰਹੀ ਹੈ। ਇਹ ਉਦਯੋਗ ਇਨ੍ਹਾਂ ਫੈਕਟਰੀਆਂ ਨੂੰ ਬੰਦ ਨਹੀਂ ਹੋਣ ਦੇਣਗੇ। ਇਨ੍ਹਾਂ ਕੋਲ ਹਰ ਪ੍ਰਕਾਰ ਦੇ ਹੱਥਕੰਡੇ ਹਨ।

**ਮੰਗੂ:** ਫਾਰੂਖ ਚਾਚਾ ! ਇਕ ਚਾਹ ਹੋਰ ਬਣਾਵਾਂ ?

**ਫਾਰੂਖ:** ਹਾਂ! ਮਨ ਤਾਂ ਕਰ ਰਿਹਾ ਹੈ। ਥੋੜ੍ਹੀ ਤੇਜ਼ ਹੋਵੇ। ਅੱਜ ਗਲਾ ਬੈਠਾ ਹੋਇਆ ਹੈ।

**ਮੰਗੂ:** ਚਾਹ ਨਾਲ ਗਲਾ ਠੀਕ ਨਹੀਂ ਹੋਵੇਗਾ। ਕਿਸੇ ਡਾਕਟਰ ਨੂੰ ਕਿਉਂ ਨਹੀਂ ਦਿਖਾਉਂਦੇ ?

**ਫਾਰੂਖ:** ਪਰ ਇਲਾਜ ਵਾਸਤੇ ਪੈਸੇ ਕਿੱਥੋਂ ਲਿਆਵਾਂ?

**ਸੰਜੇ:** ਕੀ ਹੋਇਆ ਤੁਹਾਡੇ ਗਲੇ ਨੂੰ?

**# (ਫਾਰੂਖ ਖੰਘਦਾ ਹੈ, ਪਰ ਕੁਝ ਨਹੀਂ ਬੋਲਦਾ) #**

**ਮੰਗੂ:** ਇਹ ਇਕ ਪਲਾਈਵੁਡ ਦੀ ਵੱਡੀ ਫੈਕਟਰੀ ਵਿਚ ਕੰਮ ਕਰਦਾ ਹੈ ਜਿੱਥੇ ਬਹੁਤ ਸਾਰੇ ਕਾਮੇ ਹਨ ! ਉਸਦੇ ਜ਼ਿਆਦਾਤਰ ਮਜ਼ਦੂਰ ਭਾਂਤ ਭਾਂਤ ਦੇ ਰੋਗਾਂ ਨਾਲ ਪੀੜਤ ਹਨ।

**ਫਾਰੂਖ:** ਮੰਗੂ ਇਹ ਕੀ? (ਖੰਘਦਾ ਹੋਇਆ)।

**ਮੰਗੂ:** ਫਾਰੂਖ ਫੈਕਟਰੀ ਵਿਚ ਉੜਣ ਵਾਲੀ ਧੂੜ ਦਾ ਸ਼ਿਕਾਰ ਹੋਇਆ ਹੈ। ਸੁਰੱਖਿਆ ਦੇ ਲਈ ਉਸ ਨੇ ਆਪਣੇ ਮਜ਼ਦੂਰ ਵੀਰਾਂ ਨੂੰ ਜਾਗਰੂਕ ਕਰਨ ਦਾ ਯਤਨ ਕੀਤਾ। ਨਤੀਜੇ ਵਜੋਂ ਉਸ ਨੂੰ ਹੀ ਬਾਹਰ ਦਾ ਰਸਤਾ ਦਿਖਾ ਦਿੱਤਾ।

**# (ਫਾਰੂਖ ਜ਼ੋਰ-ਜ਼ੋਰ ਨਾਲ ਖੰਘਦਾ ਹੈ) #**

**ਸੰਜੇ:** ਹੈਂ ! ਇਹ ਤਾਂ ਬਹੁਤ ਮਾੜੀ ਗੱਲ ਹੈ।

**ਮੰਗੂ:** ਇਹ ਰਹੀ ਤੁਹਾਡੇ ਦੋਵਾਂ ਦੀ ਲੈਮਨ ਚਾਹ।

**ਰਾਹੁਲ: (ਚੁਸਕੀ ਲੈਂਦਾ ਹੋਇਆ)** ਬਹੁਤ ਸਵਾਦ ! ਪਰ ਫਾਰੂਖ.......! ਨਹੀਂ-ਨਹੀਂ... ਵੱਡੇ ਵੀਰ ਜੀ।

**ਫਾਰੂਖ:** ਨਹੀਂ ! ਮੈਨੂੰ ਫਾਰੂਖ ਹੀ ਆਖੋ ! ਇਹ ਮੈਨੂੰ ਚੰਗਾ ਲੱਗਦਾ ਹੈ। ਵੇਖੋ, ਕਿਤੇ ਵੀ ਉਦਯੋਗਿਕ ਇਕਾਈਆਂ ਸੁਰੱਖਿਆ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੀਆਂ।ਕੋਈ ਨਾ ਕੋਈ ਹੱਥਕੰਡਾ ਵਰਤ ਕੇ ਕਾਨੂੰਨ ਤੋੜਨ ਦਾ ਉਹ.. ਬਹਾਨਾ ਲੱਭ ਹੀ ਲੈਂਦੇ ਹਨ।

**ਮੰਗੂ:** ਫਾਰੂਖ ਸਾਰਿਆਂ ਦੀ ਗੱਲ ਕਰਦਾ ਹੈ। ਉਸਨੂੰ ਸਾਰੇ ਲੋਕਾਂ ਦੀ, ਸਾਰੇ ਸੰਸਾਰ ਦੀ ਚਿੰਤਾ ਹੈ। ਫਾਰੂਖ.. ਇਹ ਰਹੀ ਤੁਹਾਡੀ ਚਾਹ।

**ਫਾਰੂਖ: (ਇਕ ਲੰਮੀ ਚੁਸਕੀ ਲੈਂਦੇ ਹੋਏ)** ਤੁਸੀਂ ਕਾਲਜ ਦੇ ਵਿਦਿਆਰਥੀ ਲੱਗ ਰਹੇ ਹੋ। ਸੀ.ਐੱਫ.ਸੀ. ਦਾ ਤਾਂ ਨਾਂ ਸੁਣਿਆ ਹੀ ਹੋਵੇਗਾ ?

**ਸੰਜੇ:** ਹਾਂ ! ਤੁਸੀਂ ਕਲੋਰੋਫਲੋਰੋ ਕਾਰਬਨ ਦੀ ਗੱਲ ਕਰ ਰਹੇ ਹੋ ?

**ਫਾਰੂਖ:** ਠੀਕ ਕਿਹਾ। ਇਸ ਦੇ ਉਤਪਾਦਨ ਨੂੰ ਬੰਦ ਕਰਨ ਦੇ ਲਈ ਅੰਤਰਰਾਸ਼ਟਰੀ ਪੱਧਰ ‘ਤੇ ਕਾਨੂੰਨ ਬਣੇ ਪਰ ਇਸ ਤੋਂ ਕੌਣ ਡਰਦਾ ਹੈ?

**ਰਾਹੁਲ:** ਤੁਸੀਂ ਮੋਂਟ੍ਰੀਅਲ ਸਮਝੌਤੇ ਦੀ ਗੱਲ ਕਰ ਰਹੇ ਹੋ। ਇਸ ਵਿਸ਼ੇ ‘ਤੇ ਤੁਹਾਡੀ ਪਕੜ ਦੀ ਮੈਂ ਪ੍ਰਸ਼ੰਸਾ ਕਰਦਾ ਹਾਂ।

**ਮੰਗੂ:** ਮੈਂ ਠੀਕ ਕਿਹਾ ਸੀ। ਉਸ ਨੂੰ ਇਸ ਸਾਰੇ ਸੰਸਾਰ ਦੀ ਚਿੰਤਾ ਹੈ। ਰੋਜ਼ਾਨਾ ਸਵੇਰੇ-ਸਵੇਰੇ ਉਹ ਮੇਰੇ ਸਟਾਲ ‘ਤੇ ਆਉਂਦਾ ਹੈ ਅਤੇ ਸਾਰੇ ਅਖ਼ਬਾਰਾਂ ਨੂੰ ਬਹੁਤ ਧਿਆਨ ਨਾਲ ਪੜ੍ਹਦਾ ਹੈ।

**ਸੰਜੇ:** ਇਹ ਪ੍ਰੋਟੋਕਾਲ 1987 ਵਿਚ ਪਾਸ ਹੋਇਆ ਸੀ, ਜਦੋਂ ਸਾਰੇ ਦੇਸ਼ਾਂ ਨੇ ਇਸ ‘ਤੇ ਦਸਤਖ਼ਤ ਕਰ ਦਿੱਤੇ ਸੀ।

**ਰਾਹੁਲ:** ਹਾਂ ! ਇਸ ਸਮਝੌਤੇ ਦੇ ਤਹਿਤ ਸੀ.ਐਫ.ਸੀ. ਦਾ ਉਤਪਾਦਨ ਸੰਨ 2010 ਦੇ ਬਾਅਦ, ਪੂਰੇ ਵਿਸ਼ਵ ਵਿਚ ਬੰਦ ਕਰ ਦਿੱਤਾ ਜਾਣਾ ਸੀ ।

**ਫਾਰੂਖ:** ਚੀਨ ਦੇ ਦਸ ਪ੍ਰਾਂਤਾਂ ਵਿਚ ਹੁਣ ਵੀ ਸੀ.ਐਫ.ਸੀ. ਗ਼ੈਰ ਕਾਨੂੰਨੀ ਢੰਗ ਨਾਲ ਵਰਤੀ ਜਾ ਰਹੀ ਹੈ।

**ਸੰਜੇ:** ਜੇਕਰ ਉਤਪਾਦਨ ਬੰਦ ਕਰ ਦਿੱਤਾ ਗਿਆ ਹੈ ਤਾਂ ਕਿੱਥੋਂ ਆ ਰਹੀ ਹੈ?

**ਫਾਰੂਖ:** ਮੰਗੋਲੀਆ ਵਿਚ ਜ਼ਿਆਦਾਤਰ ਇਕਾਈਆਂ ਕੰਮ ਕਰ ਰਹੀਆਂ ਹਨ। ਇਨ੍ਹਾਂ ਹਾਲਤਾਂ ਦੇ ਹੁੰਦੇ ਸੁੰਦੇ ਸਾਡੇ ਦੇਸ਼ ‘ਚ ਅਮੋਨੀਆ ਗੈਸ ਦਾ ਅਸੁਰੱਖਿਅਤ ਉਤਪਾਦਨ ਕਿਵੇਂ ਰੁਕ ਸਕਦਾ ਹੈ ?

**ਰਾਹੁਲ:** ਹੈਰਾਨੀਜਨਕ! ਵਿਭਿੰਨ ਦੇਸ਼ਾਂ ਦੇ ਵੱਡੇ-ਵੱਡੇ ਨੇਤਾਵਾਂ ਦੁਆਰਾ ਲਏ ਗਏ ਫੈਸਲਿਆਂ ਦਾ ਕੀ ਹੋ ਰਿਹਾ ਹੈ? ਜਿੱਥੋਂ ਚੱਲੇ ਸੀ ਹੁਣ ਵੀ ਉੱਥੇ ਹੀ ਹਾਂ।

**ਸੰਜੇ:** ਸੀ.ਐਫ.ਸੀ. ਗੈਸ ਧਰਤੀ ਦੀ ਓਜ਼ੋਨ ਪਰਤ ਦੇ ਲਈ ਬਹੁਤ ਹਾਨੀਕਾਰਨ ਹੈ। ਜੇਕਰ ਇਹ ਪਰਤ ਗਾਇਬ ਹੋ ਗਈ ਤਾਂ ਘਾਤਕ ਪੈਰਾਬੈਂਗਨੀ (Ultra-violet) ਕਿਰਨਾਂ, ਸਿੱਧੀਆਂ ਹੀ ਧਰਤੀ ‘ਤੇ ਪਹੁੰਚਣਗੀਆਂ।

**ਮੰਗੂ:** ਮੈਨੂੰ ਉਮੀਦ ਹੈ ਕਿ ਛੋਟੂ ਦੇ ਪਾਪਾ ਠੀਕ ਹੋਣਗੇ। ਜੇਕਰ ਉਸ ਨੂੰ ਹਸਪਤਾਲ ਰੁਕਣਾ ਪਿਆ ਤਾਂ ਮੇਰੇ ਲਈ ਸਮੱਸਿਆ ਹੋ ਜਾਵੇਗੀ।

**ਫਾਰੂਖ:** ਪਰ ਛੋਟੂ ਦੇ ਇੱਥੇ ਕੰਮ ਕਰਨ ਨਾਲ ਤੁਹਾਡੇ ਲਈ ਸਮੱਸਿਆ ਆ ਸਕਦੀ ਹੈ। ਤੁਸੀਂ ਬਾਲ ਮਜ਼ਦੂਰੀ ਦੇ ਅਪਰਾਧ ਕਾਰਨ ਜੇਲ੍ਹ ਜਾ ਸਕਦੇ ਹੋ।

**ਮੰਗੂ:** ਸ਼ੁੱਭ-ਸ਼ੁੱਭ ਬੋਲੋ, ਫਾਰੂਖ। ਮੈਂ ਕਦੇ ਵੀ ਚਾਹ ਦੇ ਲਈ ਤੁਹਾਡੇ ਕੋਲੋਂ ਪੈਸੇ ਨਹੀਂ ਮੰਗਦਾ ਅਤੇ ਮੇਰੇ ਬਾਰੇ ਹੀ ਬੁਰਾ ਸੋਚਦੇ ਹੋ।

**ਫਾਰੂਖ:** ਪਰ ਇਹ ਸੱਚਾਈ ਹੈ। ਕੀ ਹੋਵੇਗਾ, ਜੇਕਰ ਕਿਸੇ ਦਿਨ ਪੁਲਿਸ ਆ ਜਾਵੇ ਅਤੇ ਛੋਟੂ ਨੂੰ ਵੇਖ ਕੇ, ਤੁਹਾਨੂੰ ਆਪਣੇ ਨਾਲ ਲੈ ਜਾਵੇ।

**ਰਾਹੁਲ:** ਉਹ ਸੱਚ ਕਹਿ ਰਿਹਾ ਹੈ। ਬਾਲ ਮਜ਼ਦੂਰ ਰੱਖਣਾ ਇਕ ਅਪਰਾਧ ਹੈ। ਸਾਨੂੰ ਪਤਾ ਹੈ ਤੁਸੀਂ ਦਿਆਲੂ ਹੋ ਅਤੇ ਛੋਟੂ ਨਾਲ ਚੰਗਾ ਵਿਵਹਾਰ ਕਰਦੇ ਹੋ ਪਰ ਕਾਨੂੰਨ ਤਾਂ ਕਾਨੂੰਨ ਹੈ।

**(ਮੰਗੂ ਉਦਾਸ ਹੋ ਜਾਂਦਾ ਹੈ। ਉਸਦੀ ਅਵਾਜ਼ ਦਬ ਜਾਂਦੀ ਹੈ)**

**ਮੰਗੂ:** ਇਹ ਤਾਂ ਸਭ ਠੀਕ ਹੈ। ਜੇਕਰ ਮੈਂ ਛੋਟੂ ਨੂੰ ਘਰ ਭੇਜ ਦਿੰਦਾ ਹਾਂ ਤਾਂ... ਮੈਨੂੰ ਨਹੀਂ ਲੱਗਦਾ ਉਹ ਮੇਰੀ ਦੁਕਾਨ ਨੂੰ ਛੱਡ ਸਕੇਗਾ। ਹੋਲੀ ਤੋਂ ਬਾਅਦ, ਮੈਂ ਉਸ ਨੂੰ ਇਕ ਸਕੂਲ ਵਿਚ ਦਾਖ਼ਲਾ ਕਰਵਾਉਣਾ ਚਾਹੁੰਦਾ ਹਾਂ।

**ਰਾਹੁਲ:** ਸੰਜੇ, ਹੁਣ ਚੱਲਦੇ ਹਾਂ ਹੋ ਸਕਦਾ ਹੈ ਧਰਨਾ ਖ਼ਤਮ ਹੋ ਗਿਆ ਹੋਵੇ !

**ਸੰਜੇ:** ਠੀਕ, ਚੱਲਦੇ ਹਾਂ। ਮੰਗੂ ਬਾਈ, ਇਹ ਲਉ ਪੈਸੇ।

**ਰਾਹੁਲ:** ਅਤੇ ਫਾਰੂਖ ! ਚਰਚਾ ਦੇ ਲਈ ਧੰਨਵਾਦ। ਅਸੀਂ ਇੱਥੇ ਆਉਂਦੇ ਰਹਿੰਦੇ ਹਾਂ, ਫਿਰ ਮਿਲਾਂਗੇ।

**# (ਦੋਵੇਂ.. ਜਲਦੀ 'ਚ ਚਲੇ ਜਾਂਦੇ ਹਨ। ਫਾਰੂਖ ਨੂੰ ਤੇਜ਼ ਖੰਘ) #**

**ਰਾਹੁਲ:** ਅੱਜ ਤਾਂ ਬਹੁਤ ਗਰਮੀ ਹੈ।

**ਸੰਜੇ:** ਵੇਖੋ। ਮੇਰਾ ਰੁਮਾਲ ਤਾਂ ਪਸੀਨੇ ਨਾਲ ਭਿੱਜ ਗਿਆ।

**ਰਾਹੁਲ:** ਇਸ ਵਕਤ ਤਾਂ ਐਨੀ ਗਰਮੀ ਨਹੀਂ ਹੋਣੀ ਚਾਹੀਦੀ ਸੀ।

**ਸੰਜੇ:** ਪਰ ਰਾਤ ਨੂੰ ਵੀ ਪੱਖਾ ਪੂਰੀ ਸਪੀਡ 'ਤੇ ਚਲਾਉਣਾ ਪੈਂਦਾ ਹੈ ! ਜਾਣਦੇ ਹੋ, ਮੇਰੀ ਦਾਦੀ ਜੀ ਕੀ ਕਹਿੰਦੇ ਹਨ?

**ਰਾਹੁਲ:** ਕੀ?

**ਸੰਜੇ:** ਕਹਿੰਦੇ ਹਨ, ਪਹਿਲਾਂ ਕਦੇ ਐਨੀ ਗਰਮੀ ਨਹੀਂ ਪੈਂਦੀ ਸੀ। ਜਦੋਂ ਉਹ ਵਿਆਹ ਕੇ ਇੱਥੇ ਆਏ ਸਨ ਤਾਂ ਉਸ ਸਮੇਂ ਮੌਸਮ ਬਹੁਤ ਸੁਹਾਵਣਾ ਹੁੰਦਾ ਸੀ।

**ਰਾਹੁਲ:** (ਹੱਸਦਾ ਹੈ) ਚੰਗੀ ਯਾਦਸ਼ਕਤੀ ਹੈ ! ਉਹ ਸਹੀ ਆਖਦੇ ਹਨ। ਮੌਸਮ ਵਿਭਾਗ ਵੀ ਇਹੀ ਕਹਿੰਦਾ ਹੈ ਕਿ ਦਿਨ-ਪ੍ਰਤੀਦਿਨ ਤਾਪਮਾਨ ਵਧ ਰਿਹਾ ਹੈ।

**ਸੰਜੇ:** ਰਾਹੁਲ! ਸਹੀ ਵੀ ਹੈ। ਵਾਯੂਮੰਡਲ ਵਿਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਦਿਨ-ਪ੍ਰਤੀਦਿਨ ਵਧਦੀ ਹੀ ਜਾ ਰਹੀ ਹੈ।

**ਰਾਹੁਲ:** ਹਾਂ ! ਛੇ ਕੁ ਮਹੀਨੇ ਪਹਿਲਾਂ ਇਕ ਫ਼ਿਲਮ ਵਿਖਾਈ ਗਈ ਸੀ, 'An Inconvenient Truth' ਮਤਲਬ... 'ਇਕ ਕੌੜੀ ਸੱਚਾਈ'।

**ਸੰਜੇ:** ਉੱਥੇ ਹੀ ਤਾਂ ਪ੍ਰੋਫ਼ੈਸਰ ਸਾਹਿਬ ਨੇ ਵਾਤਾਵਰਨ ਵਿਚ ਹੋ ਰਹੇ ਬਦਲਾਵਾਂ ਦੇ ਬਾਰੇ ਦੱਸਿਆ ਸੀ।

**ਰਾਹੁਲ:** ਉਹ ਆਖ ਰਹੇ ਸੀ ਕਿ ਦਸੰਬਰ ਦੇ ਪਹਿਲੇ ਹਫ਼ਤੇ ‘ਚ, ਵਿਸ਼ਵ ਦੇ ਵਿਭਿੰਨ ਪ੍ਰਤੀਨਿਧੀਆਂ ਦੀ 24ਵੀਂ ਬੈਠਕ ਆਯੋਜਿਤ ਹੋ ਰਹੀ ਹੈ ਮਤਲਬ Conference of Parties.

**ਸੰਜੇ:** ਅੱਛਾ, ਚੱਲੋ ਜੇਕਰ ਪ੍ਰੈਕਟੀਕਲ ਦੀਆਂ ਕਲਾਸਾਂ ਨਹੀਂ ਲੱਗਦੀਆਂ ਤਾਂ ਉਨ੍ਹਾਂ ਨੂੰ ਮਿਲ ਲੈਂਦੇ ਹਾਂ।

**ਰਾਹੁਲ:** ਪਰ, ਧਰਨਾ ਤਾਂ ਅਜੇ ਵੀ ਚੱਲ ਰਿਹਾ ਹੈ !

**ਸੰਜੇ:** ਕੈਂਟੀਨ ਦੇ ਪਿੱਛੇ ਇਕ ਛੋਟਾ ਗੇਟ ਹੈ। ਉਸ ਰਸਤੇ ਅੰਦਰ ਚੱਲਕੇ ਵੇਖਦੇ ਹਾਂ ਪ੍ਰੋਫ਼ੈਸਰ ਸਾਹਿਬ ਕਿੱਥੇ ਹਨ।

**ਰਾਹੁਲ:** ਵਾਹ ! ਮੰਨ ਗਏ ! ਚੱਲੋ !

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਚੌਥਾ......**

**(ਦ੍ਰਿਸ਼ ਬਦਲਾਅ ਸੰਗੀਤ ...........................ਮੱਧਮ ਪੈਂਦਾ ਹੈ)**

(ਦੋ ਵਿਦਿਆਰਥੀ ਪਿਛਲੇ ਗੇਟ ਵਿੱਚੋਂ ਦੀ ਅੰਦਰ ਆ ਕੇ ਪ੍ਰੋਫ਼ੈਸਰਾਂ ਦੇ ਕਮਰੇ ਵੱਲ ਜਾ ਰਹੇ ਹਨ )

**ਸੰਜੇ:** ਚਲੋ ਚੰਗਾ ਹੋਇਆ, ਕਿਸੇ ਨੇ ਸਾਨੂੰ ਵੇਖਿਆ ਨਹੀਂ ।ਵੇਖਦੇ ਹਾਂ ਕਿ ਕੀ ਪ੍ਰੋਫ਼ੈਸਰ ਸਾਹਿਬ ਆਪਣੇ ਕਮਰੇ ‘ਚ ਹਨ?

**ਰਾਹੁਲ:** ਸਾਰੇ ਕਮਰੇ ਖਾਲੀ ਪਏ ਹਨ। ਸਾਰੇ ਪ੍ਰੋਫ਼ੈਸਰ ਜਾਂ ਤਾਂ ਕਿਸੇ ਮੀਟਿੰਗ ਵਿਚ ਹੋਣਗੇ ਜਾਂ ਫਿਰ ਚਲੇ ਗਏ ਹੋਣਗੇ।

**ਸੰਜੇ:** ਜੋ ਵੀ ਹੋਵੇ ! ਆਓ ਆਪਾਂ ਪ੍ਰੋਫ਼ੈਸਰ ਸਾਹਿਬ ਦੇ ਕਮਰੇ ਵੱਲ ਚੱਲੀਏ !

**ਰਾਹੁਲ:** ਆਹ ਆ ਗਿਆ ਪ੍ਰੋਫ਼ੈਸਰ ਸਾਹਿਬ ਦਾ ਕਮਰਾ ਪਰ ਮੈਨੂੰ ਤਾਂ ਇਹ ਵੀ ਖਾਲੀ ਹੀ ਲੱਗ ਰਿਹਾ ਹੈ।

(ਪਿੱਛਿਓਂ ਆਵਾਜ)

**ਪ੍ਰੋਫ਼ੈਸਰ:** O.K. Come.... Come.

**ਰਾਹੁਲ:** Good Morning Sir!

**ਸੰਜੇ:** ਸਰ, ਅਸੀਂ ਤੁਹਾਨੂੰ ਹੀ ਵੇਖ ਰਹੇ ਸੀ।

**ਪ੍ਰੋਫ਼ੈਸਰ:** ਮੈਨੂੰ? .. ਚੰਗਾ ਦੱਸੋ ਕੀ ਗੱਲ ਹੈ? ਤੁਹਾਡੇ ਸਾਰੇ ਸਾਥੀ ਤਾਂ ਗੇਟ ‘ਤੇ ਹਨ ਅਤੇ ਤੁਸੀਂ ਦਬੇ ਪੈਰ ਛੁਪ ਕੇ ਮੈਨੂੰ ਕਿਵੇਂ ਮਿਲਣ ਆ ਗਏ (ਹੱਸਦੇ ਹੋਏ)?

**ਸੰਜੇ:** ਨਹੀਂ ਸਰ.. ਅਜਿਹਾ ਨਹੀਂ ।ਸੈਮੀਨਾਰ ਵਿਚ ਦਿੱਤੇ ਗਏ ਤੁਹਾਡੇ ਭਾਸ਼ਣ ਤੋਂ ਅਸੀਂ ਬਹੁਤ ਪ੍ਰਭਾਵਿਤ ਸੀ ।

**ਪ੍ਰੋਫ਼ੈਸਰ:** ਕਿਸ ਸੈਮੀਨਾਰ ਦੀ ਗੱਲ ਕਰਦੇ ਹੋ? ਜਿਹੜਾ ਵਾਤਾਵਰਨ ‘ਤੇ ਆਯੋਜਿਤ ਕੀਤਾ ਗਿਆ ਸੀ ?

**ਰਾਹੁਲ:** ਹਾਂ ਸਰ! ਬਹੁਤ ਹੀ ਜਾਣਕਾਰੀ ਭਰਪੂਰ ਸੀ। ਤੁਸੀਂ ਆਖਿਆ ਸੀ ਕਿ ਪੋਲੈਂਡ ਵਿਖੇ ਪਾਰਟੀਆਂ ਦੇ ਸਮੂਹ (ਪਾਰਟੀਆਂ ਦੀ ਕਾਨਫਰੈਂਸ) ਦੀ 24ਵੀਂ ਬੈਠਕ ਹੋ ਰਹੀ ਹੈ !

**ਪ੍ਰੋਫ਼ੈਸਰ:** ਹਾਂ ! ਇਸ ਮੀਟਿੰਗ ਨੂੰ COP 24 ਮਤਲਬ ਕਿ Conference of Parties ਦੀ 24ਵੀਂ ਬੈਠਕ ਕਿਹਾ ਗਿਆ ਸੀ।

**ਰਾਹੁਲ:** ਸਰ, ਅਸੀਂ ਜਾਣਨਾ ਚਾਹੁੰਦੇ ਹਾਂ ਉੱਥੇ ਕੀ ਹੋਇਆ? ਧਰਤੀ ਦਾ ਤਾਪਮਾਨ ਵਧ ਰਿਹਾ ਹੈ, ਇਸ ਨੂੰ ਰੋਕਣ ਦੇ ਲਈ ਕੀ ਯਤਨ ਹੋ ਰਹੇ ਹਨ?

**ਪ੍ਰੋਫ਼ੈਸਰ:** ਠੀਕ ਹੈ .... ਪੋਲੈਂਡ ਦੀ ਤਰੱਕੀ ਬਾਬਤ.. ਕੀ ਤੁਸੀਂ ਜਾਣਦੇ ਹੋ ?

**ਰਾਹੁਲ:** ਨਹੀਂ ਸਰ, ਸਾਨੂੰ ਨਹੀਂ ਪਤਾ। ਕ੍ਰਿਪਾ ਕਰਕੇ ਤੁਸੀਂ ਹੀ ਦੱਸੋ?

**ਪ੍ਰੋਫ਼ੈਸਰ:** ਕੀ ਨਾਂ ਹਨ ਤੁਹਾਡੇ?

**ਸੰਜੇ:** ਸਰ.. ਮੈਂ ਸੰਜੇ ਅਤੇ ਇਹ ਰਾਹੁਲ.. ਦੂਜੇ ਸਾਲ ਦਾ ਵਿਦਿਆਰਥੀ।

**ਪ੍ਰਫ਼ੈਸਰ: (ਹੱਸਦੇ ਹੋਏ)** ਬਹੁਤ ਚੰਗਾ... ਇਹ ਦੱਸੋ ਕਿ ਇਸ ਪ੍ਰਕਾਰ ਦੀਆਂ ਅੰਤਰਰਾਸ਼ਟਰੀ ਬੈਠਕਾਂ ਵਿਚ ਕੀ ਹੁੰਦਾ ਹੋਵੇਗਾ?

**ਸੰਜੇ:** ਸਰ! ਮੈਨੂੰ ਤਾਂ ਕੋਈ ਗਿਆਨ ਨਹੀਂ !

**ਰਾਹੁਲ:** ਕੁਝ ਸਮਝੌਤਿਆਂ ‘ਤੇ ਦਰਤਖ਼ਤ ਹੁੰਦੇ ਹੋਣਗੇ।

**ਪ੍ਰੋਫ਼ੈਸਰ: (ਹੱਸਦੇ ਹੋਏ)** ਹਾਂ ਜੇ ਕਰ ਹਰ ਸਾਲ ਕਿਸੇ ਸਮਝੌਤੇ ‘ਤੇ ਦਸਤਖ਼ਤ ਹੋਣਾ ਐਨਾ ਆਸਾਨ ਹੁੰਦਾ **(ਹੌਕਾ ਭਰਦੇ ਹੋਏ)**! ਮੇਰੇ ਦੋਸਤੋ! ਇਹ ਇਸ ਤਰ੍ਹਾਂ ਨਹੀਂ ਹੁੰਦਾ ਅਤੇ ਐਨਾ ਸਰਲ ਨਹੀਂ ਹੈ, ਜੇਕਰ ਕਿਸੇ ਸਮਝੌਤੇ ‘ਤੇ ਦਸਤਖ਼ਤ ਹੋ ਵੀ ਜਾਣ, ਤਾਂ ਉਸ ਨੂੰ ਲਾਗੂ ਕਰਨਾ ਬਹੁਤ ਹੀ ਮੁਸ਼ਕਲ ਹੈ।

**ਸੰਜੇ:** ਹਾਂ ਸਰ ! ਮੈਂ ਸਮਝ ਗਿਆ !

**ਪ੍ਰੋਫ਼ੈਸਰ:** ਨਹੀਂ ਬੱਚੇ ! ਇਸ ਨੂੰ ਸਮਝਣਾ ਅਤੇ ਦਰਪੇਸ਼ ਮੁਸ਼ਕਲਾਂ ਨੂੰ ਸਮਝਣਾ ਵੀ ਐਨਾ ਸਰਲ ਨਹੀਂ? ਵਾਤਾਵਰਨ ਦੇ ਮੁੱਦੇ ‘ਤੇ ਸਭ ਤੋਂ ਪਹਿਲਾਂ ਜਿਹੜਾ ਸਮਝੌਤਾ ਹੋਇਆ ਉਸ ਨੂੰ **‘ਕਯੋਟੋ ਪ੍ਰੋਟੋਕਾਲ’** ਦੇ ਨਾਂ ਨਾਲ ਜਾਣਿਆ ਜਾਂਦਾ ਹੈ।

**ਸੰਜੇ:** ਸਰ, ਇਹ 1997 ਦੀ ਗੱਲ ਹੈ ਨਾ !

**ਪ੍ਰੋਫ਼ੈਸਰ:** ਹਾਂ ! ਬਹੁਤ ਅੱਛਾ ! ਲੱਗਦਾ ਹੈ ਸੈਮੀਨਾਰ ਨੂੰ ਤੁਸੀਂ ਧਿਆਨ ਨਾਲ ਸੁਣਿਆ ਹੋਵੇਗਾ।

**ਰਾਹੁਲ:** ਸਰ! ਸੰਜੇ, ਅੰਕੜਿਆਂ ਨੂੰ ਬਹੁਤ ਛੇਤੀ ਯਾਦ ਕਰ ਲੈਂਦਾ ਹੈ।

**ਪ੍ਰੋਫ਼ੈਸਰ:** ਇਕ ਚੰਗਾ ਗੁਣ ਹੈ। ਇਸ ਵਾਰ ਇਹ ਸੰਮੇਲਣ ਪੋਲੈਂਡ ਵਿਚ ਆਯੋਜਿਤ ਕੀਤਾ ਗਿਆ ਸੀ। ਪੈਰਿਸ ਸਮਝੌਤਾ ਜਿਹੜਾ ਕਿ ਪੈਰਿਸ ਵਿਖੇ ਪਾਰਟੀਆਂ ਦੇ ਸਮੂਹ ਦੀ 21ਵੀਂ ਮੀਟਿੰਗ ਵਿੱਚ 12 ਦਸੰਬਰ 2015 ਨੂੰ ਹੋਇਆ ਸੀ, ਉਸ

ਨੂੰ ਆਧਾਰ ਪ੍ਰਦਾਨ ਕਰਨ ਦੇ ਲਈ ਇਸ 24ਵੀਂ ਮੀਟਿੰਗ ਦੀ ਮਹੱਤਵਪੂਰਨ ਭੂਮਿਕਾ ਹੋਵੇਗੀ।

**ਰਾਹੁਲ:** ਮੈਂ ਅਖ਼ਬਾਰਾਂ ਵਿਚ ਇਸ ਦੇ ਬਾਰੇ ਪੜ੍ਹਿਆ ਸੀ ਪਰ ਮੈਂ ਸਮਝਿਆ ਨਹੀਂ। ਪੈਰਿਸ ਸੰਮੇਲਣ ਐਨਾ ਮਹੱਤਵਪੂਰਨ ਕਿਉਂ ਹੈ?

**ਪ੍ਰੋਫ਼ੈਸਰ:** ਲਓ ਸੁਣੋ ! **ਕਯੋਟੋ ਪ੍ਰੋਟੋਕਾਲ** ਵਿਚ ਵਿਕਸਿਤ ਦੇਸ਼ਾਂ ਵੱਲੋਂ ਸਾਲ 2012 ਤੱਕ ਹਰਿਤ ਘਰ ਪ੍ਰਭਾਵ (ਗ੍ਰੀਨ ਹਾਊਸ) ਗੈਸਾਂ ਦਾ ਉਸਰਜਨ ਘੱਟ ਕਰਨ ਦੀ ਮਾਤਰਾ ਤੇ ਮਾਪ ਦੰਡ ਤਹਿ ਕੀਤੇ ਗਏ ਸਨ ! ਇਸ ਲਈ 2012 ਤੋਂ ਬਾਅਦ, ਇਕ ਨਵੇਂ ਸਮਝੌਤੇ ਦੀ ਜ਼ਰੂਰਤ ਸੀ। ਇਸੇ ਕਰਕੇ ਸੰਸਾਰ ਦੇ ਦੇਸ਼ਾਂ ਨੇ ਪੈਰਿਸ ਸੰਧੀ 'ਤੇ ਦਤਸਖ਼ਤ ਕੀਤੇ ਸਨ।

**ਸੰਜੇ:** ਸਰ ! ਇਸ ਵਾਰ ਕੀ ਟੀਚੇ ਰੱਖੇ ਗਏ ਸਨ ?

**ਪ੍ਰੋਫ਼ੈਸਰ:** ਉਦੇਸ਼ ਸਨ – ਪਹਿਲਾ ਕਿ ਧਰਤੀ ਦੇ ਤਾਪਮਾਨ ਨੂੰ ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਵਾਲੇ ਤਾਪਮਾਨ ਪੱਧਰ ਨਾਲੋਂ $1.5^0C$ ਤੋਂ ਵੱਧ ਨਾ ਵਧਣ ਦਿੱਤਾ ਜਾਵੇ। ਦੂਸਰਾ ਸੀ – ਵਾਤਾਵਰਨੀ ਮੁੱਦਿਆਂ ਦੇ ਲਈ ਧਨ ਦੀ ਵਿਵਸਥਾ ਕਰਨਾ।

**ਰਾਹੁਲ:** ਕੀ ਇਸ ਦੇ ਲਈ ਵਿਸ਼ਵ ਦੇ ਸਾਰੇ ਦੇਸ ਸਹਿਮਤ ਹੋ ਗਏ ਸਨ ? ਮੈਂ ਸੁਣਿਆ ਹੈ ਕਿ ਸੰਯੁਕਤ ਰਾਜ ਅਮਰੀਕਾ ਇਸ ਦਾ ਵਿਰੋਧ ਕਰ ਰਿਹਾ ਹੈ।

**ਪ੍ਰੋਫ਼ੈਸਰ:** ਹਾਂ ! ਅਮਰੀਕਾ ਇਸ ਸਮਝੌਤੇ ਵਿਚ ਸੰਨ 2016 ਵਿਚ ਸ਼ਾਮਿਲ ਹੋਇਆ ਸੀ, ਪਰ ਜੁਲਾਈ 2017 ਵਿਚ ਇਸ ਤੋਂ ਪਿੱਛੇ ਹਟਣ ਦਾ ਐਲਾਨ ਕਰ ਦਿੱਤਾ । ਹਾਲਾਂਕਿ ਨਵੰਬਰ, 2020 ਤੱਕ ਉਹ ਇਸ ਸਮਝੌਤੇ ਦਾ ਭਾਗ ਬਣਿਆ ਰਹੇਗਾ। ਇਸ ਤੋਂ ਪਹਿਲਾਂ ਉਹ ਇਸ ਨੂੰ ਨਹੀਂ ਛੱਡ ਸਕਦਾ।

**ਸੰਜੇ:** ਅੱਛਾ ! ਤਾਂ ਕੀ ਇਸਦਾ ਭਾਵ ਇਹ ਹੈ ਕਿ ਪੈਰਿਸ ਦਾ ਸਮਝੌਤਾ ਆਪਣੇ ਟੀਚੇ ਤੋਂ ਪਛੜ ਰਿਹਾ ਹੈ।

**ਪ੍ਰੋਫ਼ੈਸਰ:** ਹੁਣੇ ਕਿਸੇ ਨਤੀਜੇ 'ਤੇ ਪਹੁੰਚਣਾ ਠੀਕ ਨਹੀਂ ਹੈ। ਸਾਨੂੰ ਆਸ਼ਾਵਾਦੀ ਹੋਣਾ ਚਾਹੀਦਾ ਹੈ। ਇਹ ਸਮਝੌਤਾ 184 ਦੇਸ਼ਾਂ ਦੁਆਰਾ ਪ੍ਰਵਾਣ ਕਰਕੇ ਪਾਸ ਕਰ ਦਿੱਤਾ ਗਿਆ ਹੈ ਅਤੇ ਨਵੰਬਰ, 2016 ਤੋਂ ਲਾਗੂ ਵੀ ਹੋ ਗਿਆ ਹੈ। ਪੈਰਿਸ ਸੰਮੇਲਣ ਦੀਆਂ ਕਈ ਉਪਲਬਧੀਆਂ ਵੀ ਰਹੀਆਂ ਹਨ।

**ਸੰਜੇ:** ਉਹ ਕੀ ਸਰ?

**ਪ੍ਰੋਫ਼ੈਸਰ:** 18 ਵਿਕਸਿਤ ਦੇਸ਼ਾਂ ਨੇ ਹਰ ਸਾਲ 100 ਬਿਲੀਅਨ ਡਾਲਰ ਦੀ ਧਨ ਰਾਸ਼ੀ ਦੇਣ ਦਾ ਵਾਅਦਾ ਕੀਤਾ ਸੀ। ਇਸ ਧਨ ਨੂੰ ਗ਼ਰੀਬ ਦੇਸ਼ਾਂ ਵਿਚ ਵਾਤਾਵਰਨ-ਸੁਧਾਰ ਦੇ ਕੰਮ ਵਿਚ ਲਗਾਇਆ ਜਾਵੇਗਾ। ਹੁਣ ਤੱਕ 70 ਬਿਲੀਅਨ ਡਾਲਰ ਜੁਟਾਏ ਜਾ ਚੁੱਕੇ ਹਨ।

**ਸੰਜੇ:** ਸਰ, ਮੈਂ ਤਾਂ ਬਹੁਤ ਹੀ ਜਿਆਦਾ ਬੌਂਦਲਿਆ ਪਿਆ ਹਾਂ! ਮੈਨੂੰ ਤਾਂ ਕੁਝ ਸਮਝ ਨਹੀਂ ਆ ਰਿਹਾ ਕਿ ਹੋ ਕੀ ਰਿਹਾ ਹੈ ? ਅੱਜ ਸਵੇਰੇ ਦੀ ਹੀ ਘਟਣਾ ਹੈ ! ਇਕ ਫੈਕਟਰੀ ਵਿਚ ਅਮੋਨੀਆ ਗੈਸ ਦਾ ਰਿਸਾਵ ਹੋਇਆ ( ਲੀਕ ਹੋਈ ) ਹੈ! ਅਜਿਹੀਆਂ ਦੁਰਘਟਨਾਵਾਂ ਤੋਂ ਤੰਗ ਹੋਣ ਕਾਰਨ ਬਹੁਤੇ ਲੋਕ ਤਾਂ ਇਹੀ ਚਾਹੁੰਦੇ ਹਨ ਕਿ ਇਸ ਪ੍ਰਕਾਰ ਦੀਆਂ

ਉਦਯੋਗਿਕ ਇਕਾਈਆਂ ਨੂੰ ਬੰਦ ਹੀ ਕਰ ਦਿੱਤਾ ਜਾਵੇ ! ਮੈਨੂੰ ਨਹੀਂ ਸਮਝ ਆ ਰਿਹਾ ਕਿ ਅਜਿਹੇ ਹਾਲਤਾਂ ਵਿੱਚ ਆਖਰਕਾਰ ਕੀਤਾ ਕੀ ਜਾਵੇ ?

**ਰਾਹੁਲ:** ਸਰ! ਪਰ ਇਨ੍ਹਾਂ ਉਦਯੋਗਾਂ ਵਿੱਚ ਬਹੁਤ ਸਾਰੇ ਲੋਕਾਂ ਨੂੰ ਰੁਜਗਾਰ ਵੀ ਤਾਂ ਮਿਲਿਆ ਹੈ ! ਬੰਦ ਕਰਨ ਨਾਲ ਉਨ੍ਹਾਂ ਲੋਕਾਂ ਦਾ ਕੀ ਹੋਵੇਗਾ?

**ਪ੍ਰੋਫ਼ੈਸਰ:** ਪਰ ਤੁਸੀਂ ਕਹਿਣਾ ਕੀ ਚਾਹੁੰਦੇ ਹੋ ? ਜਰਾ ਸਪਸ਼ਟਤਾ ਨਾਲ ਰੱਖੋ ਆਪਣੇ ਵਿਚਾਰ !

**ਸੰਜੇ:** ਸਰ, ਸਾਡੇ ਕਹਿਣ ਦਾ ਮਤਲਬ ਹੈ ਕਿ ਜੇਕਰ ਸਾਰੇ ਦੇਸ਼ਾਂ ਵਿਚ ਇਸ ਪ੍ਰਕਾਰ ਦੇ ਕਦਮ ਉਠਾਏ ਜਾਣ ਪਥਰਾਟੀ ਬਾਲਣ ‘ਤੇ ਤਾਂ ਰੋਕ ਹੀ ਲੱਗ ਜਾਵੇਗੀ।

**ਪ੍ਰੋਫ਼ੈਸਰ:** ਸਹੀ ਕਿਹਾ। ਅੱਗੇ ਤੁਹਾਡਾ ਕੀ ਮੰਨਣਾ ਹੈ?

**ਸੰਜੇ:** ਕੋਲੇ ਦੀਆਂ ਖਾਨਾਂ, ਤੇਲ-ਖੂਹ - ਜੇਕਰ ਇਹ ਸਭ ਬੰਦ ਕਰ ਦਿੱਤੇ ਜਾਣਗੇ ਤਾਂ ਕਾਰੀਗਰ,ਮਜ਼ਦੂਰ ਅਤੇ ਇਨ੍ਹਾਂ ਉਦਯੋਗਾਂ ਤੇ ਨਿਰਭਰ ਹੋਰ ਅਨੇਕਾਂ ਲੋਕ ਦੁਕਾਨਦਾਰ ਆਦਿ ਕਿੱਥੇ ਜਾਣਗੇ?

**ਪ੍ਰੋਫ਼ੈਸਰ:** ਵਾਹ ! ਇਕ ਸਵਾਲ ਵਿਚ ਹੀ ਕਈ ਸਵਾਲ ਜੋੜ ਦਿੱਤੇ ਹਨ। ਵੇਖੋ, ਇਸ ਪ੍ਰਕਾਰ ਦੇ ਸੰਮੇਲਨਾ ਵਿਚ ਖਿੱਚ-ਖਿਚਾਈ ਜ਼ਿਆਦਾ ਹੁੰਦੀ ਹੈ। ਸਾਰੇ ਦੇਸ਼ ਪਿੱਛਾ ਛੁਡਾਉਣਾ ਚਾਹੁੰਦੇ ਹਨ। ਪਰ ਵਿਗਿਆਨੀਆਂ ਦਾ ਅਤੇ ਆਜ਼ਾਦ ਆਬਜ਼ਰਵਰਾਂ ਦਾ ਕੰਮ ਹੁੰਦਾ ਹੈ - ਮੁੱਦੇ ਨੂੰ ਸਪਸ਼ਟ ਕਰਨਾ ਅਤੇ ਸਮਝੋਤਿਆਂ ਤੇ ਕਾਰਵਾਈਆਂ ਨੂੰ ਅੱਗੇ ਵਧਾਉਣਾ।

**ਰਾਹੁਲ:** ਸਰ! ਇਸ ਵਾਰ ਦੀ ਮੀਟਿੰਗ ਬਾਬਤ ਤੁਹਾਨੂੰ ਕੀ ਚੰਗਾ ਲੱਗਿਆ?

**ਪ੍ਰੋਫ਼ੈਸਰ:** ਪੋਲੈਂਡ ਵਿਚ Katowick ਸ਼ਹਿਰ, ਜਿਸ ਥਾਂ ਇਹ ਬੈਠਕ ਹੋਈ ਸੀ, ਉਹ ਕੋਲੇ ਦੀ ਖਾਨਾਂ ਦੇ ਕੇਂਦਰ ਵਿਚ ਹੈ। ਸੰਮੇਲਨ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ ਹੀ ਪੋਲੈਂਡ ਨੇ ਕੋਲੇ ਦੀ ਇਕ ਨਵੀਂ ਖਦਾਨ ਸ਼ੁਰੂ ਕਰਨ ਦੀ ਘੋਸ਼ਣਾ ਕੀਤੀ ਸੀ।

**ਰਾਹੁਲ:** ਸਰ, ਇੱਥੇ ਤਾਂ ਆਯੋਜਕ ਨੇ ਹੀ, ਸੰਮੇਲਨ ਦੀ ਮੂਲ ਭਾਵਨਾ ਦਾ ਅਪਮਾਨ ਕੀਤਾ ਹੈ।

**ਪ੍ਰੋਫ਼ੈਸਰ:** ਹਾਂ, ਤੁਹਾਡਾ ਕਹਿਣਾ ਠੀਕ ਹੈ ਪਰ ਉਨ੍ਹਾਂ ਦੇ ਦੁਆਰਾ ਉਠਾਏ ਗਏ ਮੁੱਦਿਆਂ ‘ਤੇ ਵੀ ਧਿਆਨ ਦੇਣਾ ਜ਼ਰੂਰੀ ਹੈ।

**ਸੰਜੇ:** ਉਹ ਕੀ ਸਰ?

**ਪ੍ਰੋਫ਼ੈਸਰ:** ਉਸ ਦੇਸ਼ ਦੀ 80% ਬਿਜਲਈ ਊਰਜਾ ਦੀ ਪੂਰਤੀ ਕੋਲੇ ਨਾਲ ਹੁੰਦੀ ਹੈ, ਇਸ ਲਈ ਇਸ ਤੋਂ ਛੁਟਕਾਰਾ ਪਾਉਣਾ ਜਾਂ ਫਿਰ ਘੱਟ ਕਰਨਾ ਐਨਾ ਅਸਾਨ ਨਹੀਂ ਹੈ। ਉੱਥੇ ਲਗਾਏ ਗਏ ਇਕ ਪੰਡਾਲ ਵਿਚ ਉਹ ਸਾਰੀਆਂ ਵਸਤੂਆਂ ਪ੍ਰਦਰਸ਼ਿਤ ਕੀਤੀਆਂ ਗਈਆਂ ਸਨ, ਜਿਹੜੀਆਂ ਕਿ ਕੋਲੇ ਨਾਲ ਬਣਾਈਆਂ ਗਈਆਂ ਸਨ। ਇੱਥੋਂ ਤੱਕ ਕਿ ਸਾਬਣ ਅਤੇ ਕੰਨਾਂ ਦੀਆਂ ਬਾਲੀਆਂ ਤੱਕ (ਹੱਸਦੇ ਹੋਏ)।

**ਰਾਹੁਲ:** ਹੈਰਾਨੀਜਨਕ!

**ਸੰਜੇ:** ਪਰ ਇੱਥੇ ਮਜ਼ਦੂਰਾਂ ਦੇ ਹਿੱਤ ਦਾ ਖਿਆਲ ਕਿੱਥੇ ਉਠਦਾ ਹੈ?

**ਪ੍ਰੋਫ਼ੈਸਰ:** ਹੌਸਲਾ ਰੱਖ ਦੋਸਤ। ਪੋਲੈਂਡ ਦੇ ਰਾਸ਼ਟਰਪਤੀ ਨੇ ਇਕ ਨਵੇਂ ਬਦਲਾਅ ਦੀ ਗੱਲ ਆਖੀ ਸੀ।

**ਰਾਹੁਲ:** ਇਕ ਨਵੇਂ ਬਦਲਾਅ ਦੇ ਵੱਲ !

**ਪ੍ਰੋਫ਼ੈਸਰ:** ਇਕ ਨਵੀਂ ਯੋਜਨਾ ਦੇ ਤਹਿਤ, ਕਾਰੀਗਰਾਂ ਨੂੰ ਸਿੱਖਿਅਤ ਕਰਕੇ ਨਵੇਂ ਰੋਜ਼ਗਾਰ ਉਪਲਬਧ ਕਰਵਾਉਣਾ। ਤੁਸੀਂ

ਸਵੱਛ ਵਾਤਾਵਰਨ ਦੇ ਨਾਂ 'ਤੇ ਲੋਕਾਂ ਤੋਂ ਕੰਮ ਨਹੀਂ ਖੋਹ ਸਕਦੇ। ਨਹੀਂ ਤਾਂ ਸਮਾਜ ਅਤੇ ਦੇਸ਼ ਵਿਚ ਅਸ਼ਾਂਤੀ ਫ਼ੈਲ ਜਾਵੇਗੀ।

**ਸੰਜੇ:** (ਸੋਚ ਵਿੱਚ ਮਗਨ) ਹਾਂ ! ਵਾਤਾਵਰਨ ਦੀ ਸੁਰੱਖਿਆ ਅਤੇ ਲੋਕਾਂ ਦੀ ਰੋਜ਼ੀ-ਰੋਟੀ ਦੋ ਅਲੱਗ-ਅਲੱਗ ਮੁੱਦੇ ਹਨ ਪਰ ਇਨ੍ਹਾਂ ਨੂੰ ਬਿਲਕੁਲ ਅਲੱਗ ਵੀ ਤਾਂ ਨਹੀਂ ਕੀਤਾ ਜਾ ਸਕਦਾ ?

**ਪ੍ਰੋਫ਼ੈਸਰ:** ਹਾਂ ! ਨਹੀਂ ਕੀਤਾ ਜਾ ਸਕਦਾ ! ਪਰ ਇਸਦੇ ਬਾਵਜੂਦ ਵਿਸ਼ਵ ਦੇ ਕਈ ਦੇਸ਼ਾਂ ਵਿਚ ਚੰਗੇ ਕੰਮ ਹੋਏ ਹਨ। ਕੋਲੇ ਦੀ ਖਪਤ ਨੂੰ ਘੱਟ ਕੀਤਾ ਜਾ ਰਿਹਾ ਹੈ। ਦੂਸਰੇ ਗ਼ੈਰ-ਪਰੰਪਰਿਕ ਊਰਜਾ ਸ੍ਰੋਤਾਂ ਦੀ ਵਰਤੋਂ ਵਧ ਰਹੀ ਹੈ।

**ਰਾਹੁਲ:** ਮੈਂ ਅਮਰੀਕਾ ਦੀ ਇਕ ਆਦਿਵਾਸੀ ਨਾਜੋ ਕਬੀਲੇ ਦੇ ਬਾਰੇ ਪੜ੍ਹਿਆ ਹੈ।

**ਸੰਜੇ:** ਕੀ?

**ਰਾਹੁਲ:** ਉਨ੍ਹਾਂ ਨੇ ਕੋਲੇ ਵਾਲੇ ਖੇਤਰਾਂ ਨੂੰ ਕਿਸੇ ਕੰਪਨੀ ਨੂੰ ਪੱਟੇ (ਠੇਕੇ) 'ਤੇ ਦਿੱਤਾ ਹੈ ਪਰ ਇਹ ਸ਼ਰਤ ਰੱਖੀ ਹੈ ਕਿ ਸਥਾਨਕ ਲੋਕਾਂ ਨੂੰ ਕੰਮ 'ਤੇ ਰੱਖਿਆ ਜਾਵੇਗਾ ! ਪਰ ਹਾਲਾਤ ਹੁਣ ਇਹ ਹਨ ਕਿ ਸਾਰਾ ਖੇਤਰ ਪ੍ਰਦੂਸ਼ਣ ਪ੍ਰਭਾਵਿਤ ਹੋ ਗਿਆ ਹੈ, ਜਿਸ ਦਾ ਪ੍ਰਭਾਵ ਜਨਜਾਤੀ ਦੇ ਲੋਕਾਂ 'ਤੇ ਵੀ ਪੈ ਰਿਹਾ ਹੈ।

**ਪ੍ਰੋਫ਼ੈਸਰ:** ਠੀਕ ਹੈ , ਅਜਿਹਾ ਹੋ ਰਿਹਾ ਹੈ ! ਇਸ ਲਈ ਤਾਂ ਬਹੁਤ ਸਾਰੀਆਂ ਸੰਸਥਾਵਾਂ ਅੱਗੇ ਆ ਰਹੀਆਂ ਹਨ, ਜਿਸ ਨਾਲ ਕਿ ਉਨ੍ਹਾਂ ਦੇ ਲਈ ਨਵੇਂ ਰੋਜ਼ਗਾਰ ਦੇ ਖੇਤਰ ਉਪਲਬਧ ਕਰਵਾਏ ਜਾ ਸਕਣ। ਸੰਜੇ ਯਾਦ ਰੱਖ ! ਇਨਸਾਨ ਉਮੀਦਾਂ ਸਹਾਰੇ ਜਿਉਂਦਾ ਹੈ !

**ਸੰਜੇ:** ਸਰ! ਇਸ ਪ੍ਰਕਾਰ ਦੇ ਕੰਮ ਸ਼ਲਾਘਾਯੋਗ ਹਨ।

**ਪ੍ਰੋਫ਼ੈਸਰ:** ਪਰ ਹੁਣ ਤੁਹਾਨੂੰ ਜਾਣਾ ਹੋਵੇਗਾ (ਹੱਸਦੇ ਹੋਏ)

**ਰਾਹੁਲ:** ਸਰ, ਕੀ ਸਾਡੇ ਤੋਂ ਕੋਈ ਗ਼ਲਤੀ ਹੋ ਗਈ ਹੈ?

**ਪ੍ਰੋਫ਼ੈਸਰ:** ਨਹੀਂ ਅਜਿਹਾ ਨਹੀਂ। ਦਰਅਸਲ ਮੈਂ ਇਸ 24ਵੀਂ ਮੀਟਿੰਗ ਨਾਲ ਸਬੰਧਿਤ ਇਕ ਪੁਸਤਕ ਦਾ ਸੰਪਾਦਨ ਕਰ ਰਿਹਾ ਹਾਂ। ਮੈਂ ਇਸ ਨੂੰ ਅੰਤਿਮ ਰੂਪ ਦੇਣਾ ਹੈ ! ਇਸ ਲਈ ਹੁਣ ਵਿਹਲ ਨਹੀਂ , ਪਰ ਵਾਇਦਾ ਹੈ ਕਿ ਅੱਗੇ ਤੋਂ ਵੀ, ਮੈਨੂੰ ਤੁਹਾਡੇ ਨਾਲ ਗੱਲ ਕਰਕੇ ਚੰਗਾ ਲੱਗੇਗਾ। ਤੁਸੀਂ ਦੋਵੇਂ ਬਹੁਤ ਹੀ ਹੋਣਹਾਰ ਯੁਵਕ ਹੋ।

**ਸੰਜੇ/ਰਾਹੁਲ:** ਧੰਨਵਾਦ ਸਰ। ਬਾਏ!

**ਪ੍ਰੋਫ਼ੈਸਰ:** ਅਤੇ ਸੁਣੋ, ਚੋਰ ਰਸਤੇ ਵਿੱਚੋਂ ਜਾਂਦਿਆਂ ਨੂੰ ਵੀ ਹੜਤਾਲੀ ਪਕੜ ਸਕਦੇ ਹਨ !

**(ਸਾਰੇ ਹੱਸਦੇ ਹਨ)**

**## (ਸਮਾਪਤੀ ਸੰਗੀਤ ##**

---

**ਪ੍ਰਸ਼ਨ:**

**ਪ੍ਰਸ਼ਨ- 1 ਉਦਯੋਗਾਂ ਵਿੱਚ ਮਜਦੂਰ ਰੋਗੀ ਕਿਉਂ ਹੋ ਜਾਂਦੇ ਹਨ ?**

ਉੱਤਰ: ਉਦਯੋਗਾਂ ਅੰਦਰ ਵਾਤਾਵਰਣ ਦੂਸ਼ਿਤ ਹੁੰਦਾ ਹੈ , ਧੂੜ, ਰਸਾਇਣ ਤੇ ਤਾਪਮਾਨ ਆਦਿ ਕਾਰਨ ਮਜਦੂਰ ਰੋਗੀ ਹੋ ਜਾਂਦੇ ਹਨ !

**ਪ੍ਰਸ਼ਨ-2 ਪਥਰਾਹਟੀ ਬਾਲਣਾ ਉਪਰ ਨਿਰਭਰ ਜਾਂ ਸੀ ਐਫ ਸੀ ਅਦਿ ਛੱਡਣ ਵਾਲੇ ਉਦਯੋਗਾਂ ਦੇ ਬੰਦ ਕਰਨ ਨਾਲ ਮਜਦੂਰ , ਕਾਰੀਗਰ ਅਤੇ ਨਿਰਭਰ ਲੋਕ ਕਿੱਥੇ ਜਾਣਗੇ ?**

ਉੱਤਰ: ਪ੍ਰਦੂਸ਼ਣ ਫੈਲਾਉਂਦੇ ਉਦਯੋਗ ਬੰਦ ਕਰਨ ਤੋਂ ਪਹਿਲਾਂ ਬਦਲਵੇਂ ਸਾਫ ਹਰਿਤ ਉਦਯੋਗਾਂ ਤੇ ਰੁਜਗਾਰ ਦੇ ਪ੍ਰਬੰਧ ਤੇ ਕਰਨੇ ਜਰੂਰੀ ਹਨ !